# Punjab Government Gazette

## EXTRAORDINARY

***Published by Authority***

CHANDIGARH, WEDNESDAY, JULY 8, 2026
(ASADHA 17, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਪੰਜਾਬ ਮਾਲ-ਗੁਦਾਮ ਐਕਟ, 1957 (1958 ਦਾ ਪੰਜਾਬ ਐਕਟ ਨੰ. 2) | ...711-730 |
| | 2. ਪੰਜਾਬ ਐਡਵੋਕੇਟਸ ਭਲਾਈ ਫ਼ੰਡ ਐਕਟ, 2002 (2002 ਦਾ ਪੰਜਾਬ ਐਕਟ ਨੰ. 4) | ...731-749 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

**ਭਾਗ –1**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 8 ਜੁਲਾਈ, 2026

**ਨੰ.50/ਭ:ਕ/2026.-** ਪੰਜਾਬ ਮਾਲ-ਗੁਦਾਮ ਐਕਟ, 1957 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 8th July, 2026

**No. 50/L.C./2026.-** The Translation in Punjabi of the Punjab Warehouse Act, 1957 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਮਾਲ-ਗੁਦਾਮ ਐਕਟ, 1957

(1958 ਦਾ ਪੰਜਾਬ ਐਕਟ ਨੰ: 2)

ਪੰਜਾਬ ਰਾਜ ਵਿੱਚ ਮਾਲ-ਗੁਦਾਮਾਂ ਦੇ ਵਿਨਿਯਮਨ ਅਤੇ ਲਸੰਸ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅੱਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

### ਅਧਿਆਏ I

### ਪ੍ਰਾਰੰਭਕ

ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਮਾਲ-ਗੁਦਾਮ ਐਕਟ, 1957 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ 'ਤੇ ਹੈ।

(3) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜੋ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ,-

(ੳ) "ਸਹਿਕਾਰੀ ਸੋਸਾਇਟੀ" ਦਾ ਮਤਲਬ ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1954 ਜਾਂ ਸਹਿਕਾਰੀ ਸੋਸਾਇਟੀਆਂ ਐਕਟ, 1912 ਅਧੀਨ ਰਜਿਸਟਰਸੁਦਾ ਜਾਂ ਰਜਿਸਟਰਸੁਦਾ

ਸਮਝੀ ਜਾਣ ਵਾਲੀ ਇੱਕ ਸੋਸਾਇਟੀ ਹੈ, ਜੋ ਉਨ੍ਹਾਂ ਰਾਜ ਖੇਤਰਾਂ ਵਿੱਚ ਨਾਫ਼ਜ਼ ਹੈ ਜੋ, 1 ਨਵੰਬਰ, 1956 ਤੋਂ ਤੁਰੰਤ ਪਹਿਲਾਂ, ਪਟਿਆਲਾ ਰਾਜ ਅਤੇ ਪੂਰਬੀ ਪੰਜਾਬ ਰਾਜ ਸੰਘ ਵਿੱਚ ਸਮਾਵਿਸ਼ਟ ਸਨ;

(ਅ) "ਜਮ੍ਹਾਂਕਰਤਾ" ਦਾ ਮਤਲਬ ਹੈ ਉਹ ਵਿਅਕਤੀ ਜਿਸ ਨੇ ਮਾਲ ਨੂੰ ਸਟੋਰ ਕਰਨ ਲਈ ਕਿਸੇ ਮਾਲ-ਗੁਦਾਮ-ਪ੍ਰਬੰਧਕ ਕੋਲ ਜਮ੍ਹਾਂ ਕਰਵਾਇਆ ਹੋਵੇ ਅਤੇ ਇਸ ਵਿੱਚ ਉਹ ਵਿਅਕਤੀ ਸ਼ਾਮਲ ਹੈ ਜੋ ਮਾਲ-ਗੁਦਾਮ-ਪ੍ਰਬੰਧਕ ਦੁਆਰਾ ਅਜਿਹੇ ਮਾਲ ਦੇ ਬਾਰੇ ਵਿੱਚ ਜਾਰੀ ਕੀਤੀ ਗਈ ਰਸੀਦ ਕਾਨੂੰਨੀ ਤੌਰ ਤੇ ਧਾਰਨ ਕਰਦਾ ਹੈ ਅਤੇ ਜਮ੍ਹਾਂਕਰਤਾ ਜਾਂ ਜਮ੍ਹਾਂਕਰਤਾ ਦੇ ਕਾਨੂੰਨੀ ਇੰਤਕਾਲ-ਪਾਤਰ ਦੁਆਰਾ ਉਸ ਨੂੰ ਉਚਿਤ ਸਮਰਥਨ ਜਾਂ ਇੰਤਕਾਲ ਦੁਆਰਾ ਇਸ ਦਾ ਹੱਕ ਪ੍ਰਾਪਤ ਹੁੰਦਾ ਹੈ;

(ਏ) "ਮਾਲ" ਦਾ ਮਤਲਬ ਹੈ ਇਸ ਐਕਟ ਦੀ ਅਨੁਸੂਚੀ ਵਿੱਚ ਉਲਿਖਤ ਕੋਈ ਵੀ ਵਸਤੂਆਂ:

ਪਰੰਤੂ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਅਨੁਸੂਚੀ ਵਿੱਚੋਂ ਕਿਸੇ ਵਸਤੂ ਨੂੰ ਜੋੜ ਜਾਂ ਲੋਪ ਕਰ ਸਕੇਗੀ;

(ਸ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ;

(ਹ) "ਲਸੰਸੀ ਮਾਲ-ਗੁਦਾਮ" ਦਾ ਮਤਲਬ ਹੈ ਇਸ ਐਕਟ ਅਧੀਨ ਲਸੰਸਸੁਦਾ ਮਾਲ-ਗੁਦਾਮ;

(ਕ) "ਵਿਅਕਤੀ" ਵਿੱਚ ਕੋਈ ਕੰਪਨੀ ਜਾਂ ਸਭਾ ਜਾਂ ਨਿਗਮਤ ਬੌਡੀ ਸ਼ਾਮਲ ਹੈ;

(ਖ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਗ) "ਰਸੀਦ" ਦਾ ਮਤਲਬ ਹੈ ਮਾਲ-ਗੁਦਾਮ ਵਿੱਚ ਮਾਲ ਜਮ੍ਹਾਂ ਕਰਾਉਣ ਵਾਲੇ ਵਿਅਕਤੀ ਨੂੰ ਮਾਲ ਗੁਦਾਮ-ਪ੍ਰਬੰਧਕ ਦੁਆਰਾ ਮੁਕੱਰਰ ਰੂਪ ਵਿੱਚ ਜਾਰੀ ਕੀਤੀ ਮਾਲ-ਗੁਦਾਮ ਰਸੀਦ;

(ਘ) "ਮਾਲ-ਗੁਦਾਮ" ਦਾ ਮਤਲਬ ਹੈ ਕੋਈ ਇਮਾਰਤ, ਢਾਂਚਾ ਜਾਂ ਹੋਰ ਸੁਰੱਖਿਅਤ ਵਲਗਣ ਜੋ ਜਮ੍ਹਾਂਕਰਤਾਵਾਂ ਦੇ ਨਮਿੱਤ ਮਾਲ ਸਟੋਰ ਕਰਨ ਦੇ ਪ੍ਰਯੋਜਨ ਲਈ ਵਰਤਿਆ ਜਾਂਦਾ ਹੈ ਜਾਂ ਵਰਤਿਆ ਜਾ ਸਕਦਾ ਹੈ ਪਰ ਇਸ ਵਿੱਚ ਹੋਟਲ, ਰੇਲਵੇ ਸਟੇਸ਼ਨ, ਹੋਰ ਲੋਕ ਵਾਹਕ ਦੇ ਇਹਾਤੇ ਨਾਲ ਜੁੜੇ ਸਮਾਨ-ਘਰ ਅਤੇ ਇਸ ਵਰਗੇ ਹੋਰ ਸਥਲ ਸ਼ਾਮਲ ਨਹੀਂ ਹਨ;

(ਙ) "ਮਾਲ-ਗੁਦਾਮ-ਪ੍ਰਬੰਧਕ" ਦਾ ਮਤਲਬ ਹੈ ਉਹ ਵਿਅਕਤੀ ਜੋ ਇਸ ਐਕਟ ਅਧੀਨ ਉਸ ਮਾਲ-ਗੁਦਾਮ ਦੇ ਬਾਰੇ ਵਿੱਚ ਲਸੰਸ ਪ੍ਰਾਪਤ ਕਰ ਚੁੱਕਾ ਹੈ।

ਅਧਿਆਏ II

ਮਾਲ-ਗੁਦਾਮ-ਪ੍ਰਬੰਧਕ ਨੂੰ ਲਸੰਸ ਦੇਣਾ

ਮਾਲ-ਗੁਦਾਮ-ਪ੍ਰਬੰਧਕ।

3. ਕੋਈ ਵਿਅਕਤੀ, ਇਸ ਐਕਟ ਦੇ ਅਧੀਨ ਜਾਰੀ ਕੀਤੇ ਗਏ ਲਸੰਸ ਤੋਂ ਸਿਵਾਏ ਅਤੇ ਉਸ ਦੇ ਅਜਿਹੇ ਨਿਬੰਧਨ ਅਤੇ ਸ਼ਰਤਾਂ ਦੀ ਅਨੁਸਾਰਤਾ ਵਿੱਚ ਜੋ ਸਮੇਂ ਸਮੇਂ ਤੇ ਮੁਕੱਰਰ ਕੀਤੀਆਂ ਜਾਣ, ਮਾਲ-ਗੁਦਾਮ-ਪ੍ਰਬੰਧਕ ਦਾ ਕਾਰੋਬਾਰ ਨਹੀਂ ਕਰੇਗਾ।

ਲਸੰਸ ਦੇਣ ਲਈ ਦਰਖ਼ਾਸਤ।

4. (1) ਧਾਰਾ 3 ਅਧੀਨ ਲਸੰਸ ਲਈ ਹਰੇਕ ਦਰਖ਼ਾਸਤ ਮੁਕੱਰਰ ਅਥਾਰਟੀ ਨੂੰ ਮੁਕੱਰਰ ਰੂਪ ਵਿੱਚ ਦਿੱਤੀ ਜਾਵੇਗੀ।

(2) ਮੁਕੱਰਰ ਅਥਾਰਟੀ, ਅਜਿਹੀ ਦਰਖ਼ਾਸਤ ਪ੍ਰਾਪਤ ਹੋਣ ਤੇ ਅਤੇ ਅਜਿਹੀ ਫ਼ੀਸ ਦੀ ਅਦਾਇਗੀ ਤੇ ਜੋ ਮੁਕੱਰਰ ਕੀਤੀ ਜਾਵੇ, ਲਸੰਸ ਦੇ ਸਕੇਗੀ।

ਲਸੰਸ ਦੀਆਂ ਸ਼ਰਤਾਂ।

5. (1) ਲਸੰਸ ਦੇਣ ਤੋਂ ਪਹਿਲਾਂ ਮੁਕੱਰਰ ਅਥਾਰਟੀ ਆਪਣੇ ਆਪ ਤਸੱਲੀ ਕਰੇਗੀ-

(ੳ) ਕਿ ਮਾਲ-ਗੁਦਾਮ ਉਸ ਸ਼੍ਰੇਣੀ ਜਾਂ ਸ਼੍ਰੇਣੀਆਂ ਦੇ ਮਾਲ ਦੇ ਬਾਰੇ ਵਿੱਚ ਉਚਿਤ ਸਟੋਰ ਕਰਨ ਲਈ ਅਨੁਕੂਲ ਹੈ ਜਿਨ੍ਹਾਂ ਦੇ ਬਾਰੇ ਲਸੰਸ ਲਈ ਦਰਖ਼ਾਸਤ ਦਿੱਤੀ ਗਈ ਹੈ;

(ਅ) ਕਿ ਦਰਖ਼ਾਸਤਕਰਤਾ ਵਿੱਤੀ ਤੌਰ ਤੇ ਮਜ਼ਬੂਤ ਹੈ;

(ੲ) ਕਿ ਦਰਖ਼ਾਸਤਕਰਤਾ ਨੇ ਲਸੰਸ ਲਈ ਮੁਕੱਰਰ ਫ਼ੀਸ ਅਦਾ ਕਰ ਦਿੱਤੀ ਹੈ ਅਤੇ ਮੁਕੱਰਰ ਸਕਿਉਰਿਟੀ, ਜੇ ਕੋਈ ਹੋਵੇ, ਵੀ ਅਦਾ ਕਰ ਦਿੱਤੀ ਹੈ ਜਾਂ ਦੇ ਦਿੱਤੀ ਹੈ।

(2) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਧਾਰਾ ਅਧੀਨ ਸ਼ਰਤਾਂ ਜੋੜ ਜਾਂ ਬਦਲ ਸਕੇਗੀ।

ਲਸੰਸ ਦੀ ਅਉਧ ਅਤੇ ਨਵਿਆਉਣਾ।

6. ਧਾਰਾ 4 ਅਧੀਨ ਦਿੱਤਾ ਗਿਆ ਹਰੇਕ ਲਸੰਸ ਮੁਕੱਰਰ ਮੁੱਦਤ ਲਈ ਜਾਇਜ਼ ਹੋਵੇਗਾ, ਅਤੇ ਦਰਖ਼ਾਸਤ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਤੇ, ਮੁਕੱਰਰ ਅਥਾਰਟੀ ਦੁਆਰਾ ਸਮੇਂ ਸਮੇਂ ਤੇ ਅਤੇ ਮੁਕੱਰਰ ਮੁੱਦਤ ਲਈ, ਪ੍ਰੰਤੂ ਧਾਰਾ 5 ਵਿੱਚ ਹਵਾਲਾ ਕੀਤੀਆਂ ਗਈਆਂ ਹੋਰ ਸ਼ਰਤਾਂ ਦੀ ਪੂਰਤੀ ਹੁੰਦੇ ਰਹਿਣ ਤੇ, ਨਵਿਆਇਆ ਜਾ ਸਕੇਗਾ।

ਲਸੰਸ ਦੇਣ ਜਾਂ ਨਵਿਆਉਣ ਤੋਂ ਇਨਕਾਰ ਕਰਨ ਦਾ ਨੋਟਿਸ।

7. ਜੇ ਮੁਕੱਰਰ ਅਥਾਰਟੀ ਪੂਰਵਗਾਮੀ ਉਪਬੰਧਾਂ ਦੇ ਅਧੀਨ ਲਸੰਸ ਜਾਰੀ ਕਰਨ ਜਾਂ ਨਵਿਆਉਣ ਤੋਂ ਇਨਕਾਰ ਕਰਦੀ ਹੈ, ਤਾਂ ਉਹ ਅਜਿਹੇ ਇਨਕਾਰ ਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕਰੇਗੀ ਅਤੇ ਇਸ ਦੀ ਇੱਕ ਨਕਲ ਦਰਖ਼ਾਸਤਕਾਰ ਨੂੰ ਭੇਜ ਕੇ ਹੁਕਮ ਸੰਸੂਚਿਤ ਕਰੇਗੀ।

ਲਸੰਸ ਮੁਅੱਤਲ ਅਤੇ ਰੱਦ ਕਰਨਾ।

8. (1) ਧਾਰਾ 4 ਅਧੀਨ ਜਾਰੀ ਕੀਤਾ ਗਿਆ ਜਾਂ ਧਾਰਾ 6 ਅਧੀਨ ਨਵਿਆਇਆ ਗਿਆ ਹਰੇਕ ਲਸੰਸ ਮੁਕੱਰਰ ਅਥਾਰਟੀ ਦੁਆਰਾ ਲਿਖਤੀ ਰੂਪ ਵਿੱਚ ਦਰਸਾਏ ਗਏ ਜਾਇਜ਼ ਕਾਰਨਾਂ ਕਰਕੇ ਜਾਂ ਤਾਂ ਅਸਥਾਈ ਤੌਰ ਤੇ ਜਾਂ

ਸਥਾਈ ਤੌਰ ਤੇ ਮੁਅੱਤਲ, ਰੱਦ ਜਾਂ ਪਰਤਾਏ ਜਾਣ ਦਾ ਭਾਗੀ ਹੋਵੇਗਾ ਅਤੇ ਖ਼ਾਸ ਕਰਕੇ ਜੇ ਮਾਲ-ਗੁਦਾਮ-ਪ੍ਰਬੰਧਕ-

(ੳ) ਨੇ ਦਿਵਾਲੀਆ ਐਲਾਨੇ ਜਾਣ ਲਈ ਦਰਖ਼ਾਸਤ ਦਿੱਤੀ ਹੈ ਜਾਂ ਦਿਵਾਲੀਆ ਨਿਆਂ ਨਿਰਣਿਤ ਕੀਤਾ ਗਿਆ ਹੈ; ਜਾਂ

(ਅ) ਨੇ ਮਾਲ-ਗੁਦਾਮ ਤੇ ਆਪਣਾ ਕੰਟਰੋਲ, ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ, ਛੱਡ ਦਿੱਤਾ ਹੈ; ਜਾਂ

(ੲ) ਨੇ ਅਜਿਹੇ ਮਾਲ-ਗੁਦਾਮ ਦਾ ਕਾਰੋਬਾਰ ਕਰਨਾ ਬੰਦ ਕਰ ਦਿੱਤਾ ਹੈ; ਜਾਂ

(ਸ) ਨੇ ਆਪਣੇ ਦੁਆਰਾ ਦਿੱਤੀਆਂ ਗਈਆਂ ਸੇਵਾਵਾਂ ਲਈ ਨਾ-ਵਾਜਬ ਖ਼ਰਚੇ ਵਸੂਲੇ ਸਨ; ਜਾਂ

(ਹ) ਕਿਸੇ ਹੋਰ ਤਰੀਕੇ ਨਾਲ ਅਜਿਹੇ ਮਾਲ-ਗੁਦਾਮ ਦਾ ਕਾਰੋਬਾਰ ਕਰਨ ਲਈ ਅਸਮਰੱਥ ਹੋ ਗਿਆ ਹੈ; ਜਾਂ

(ਕ) ਨੇ ਲਸੰਸ ਦੀਆਂ ਕਿਸੇ ਵੀ ਸ਼ਰਤਾਂ ਜਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਕੀਤੀ ਹੈ ਜਾਂ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ।

(2) ਜੇ ਲਸੰਸ ਮੁਅੱਤਲ, ਪਰਤਾਇਆ ਜਾਂ ਰੱਦ ਕੀਤਾ ਜਾਂਦਾ ਹੈ ਤਾਂ ਮੁਕੱਰਰ ਅਥਾਰਟੀ ਲਸੰਸ ਵਿੱਚ ਉਸ ਆਸ਼ੇ ਦਾ ਇੰਦਰਾਜ ਕਰੇਗੀ।

ਲਸੰਸ ਦੀ ਮੁਅੱਤਲੀ ਅਤੇ ਮਨਸੂਖੀ ਦਾ ਨੋਟਿਸ।

9. (1) ਧਾਰਾ 8 ਅਧੀਨ ਮੁਅੱਤਲੀ, ਪਰਤਾਉਣ ਜਾਂ ਮਨਸੂਖੀ ਦਾ ਹੁਕਮ ਪਾਸ ਕਰਨ ਤੋਂ ਪਹਿਲਾਂ, ਮੁਕੱਰਰ ਅਥਾਰਟੀ ਮਾਲ-ਗੁਦਾਮ-ਪ੍ਰਬੰਧਕ ਨੂੰ ਉਨ੍ਹਾਂ ਆਧਾਰਾਂ ਬਾਰੇ ਬਿਆਨ ਕਰਦੇ ਹੋਏ ਨੋਟਿਸ ਦੇਵੇਗੀ ਜਿਨ੍ਹਾਂ ਤੇ ਉਸ ਦੇ ਲਸੰਸ ਨੂੰ ਮੁਅੱਤਲ, ਪਰਤਾਉਣ ਜਾਂ ਮਨਸੂਖ਼ ਕਰਨ ਦੀ ਤਜਵੀਜ਼ ਹੈ ਅਤੇ ਉਸ ਨੂੰ ਕਾਰਨ ਦੱਸਣ ਲਈ ਕਹੇਗੀ ਕਿ ਤਜਵੀਜ਼ਤ ਕਾਰਵਾਈ ਕਿਉਂ ਨਹੀਂ ਕੀਤੀ ਜਾਣੀ ਚਾਹੀਦੀ।

(2) ਮਾਲ-ਗੁਦਾਮ-ਪ੍ਰਬੰਧਕ ਦਾ ਸਪੱਸ਼ਟੀਕਰਣ, ਜੇ ਕੋਈ ਹੋਵੇ, ਤੇ ਵਿਚਾਰ ਕਰਨ ਪਿੱਛੋਂ, ਮੁਕੱਰਰ ਅਥਾਰਟੀ ਅਜਿਹਾ ਹੁਕਮ ਪਾਸ ਕਰ ਸਕੇਗੀ ਜਿਵੇਂ ਉਹ ਨਿਆਂਪੂਰਣ ਸਮਝੇ।

ਲਸੰਸ ਵਾਪਸ ਕਰਨਾ।

10. ਜਦੋਂ ਲਸੰਸ ਦੀ ਮਿਆਦ ਗੁਜ਼ਰ ਜਾਂਦੀ ਹੈ ਜਾਂ ਮੁਅੱਤਲ, ਪਰਤਾਇਆ ਜਾਂ ਮਨਸੂਖ ਕੀਤਾ ਜਾਂਦਾ ਹੈ, ਤਾਂ ਮਾਲ-ਗੁਦਾਮ-ਪ੍ਰਬੰਧਕ ਅਜਿਹੇ ਤੌਰ ਤੇ ਕੰਮ ਕਰਨਾ ਬੰਦ ਕਰ ਦੇਵੇਗਾ ਅਤੇ ਲਸੰਸ ਮੁਕੱਰਰ ਅਥਾਰਟੀ ਨੂੰ ਵਾਪਸ ਕਰ ਦੇਵੇਗਾ, ਜੋ ਮਾਲ-ਗੁਦਾਮ-ਪ੍ਰਬੰਧਕ ਨੂੰ ਆਪਣਾ ਕਾਰੋਬਾਰ ਸਮੇਟਣ ਦੇ ਯੋਗ ਬਣਾਉਣ ਲਈ ਵਾਜਬ ਸਮਾਂ ਦੇਵੇਗੀ ਜਾਂ, ਜੋ ਮੁਕੱਰਰ ਤਰੀਕੇ ਨਾਲ ਕਾਰੋਬਾਰ ਨੂੰ ਅਰਜਤ ਕਰ ਸਕੇਗੀ।

ਲਸੰਸ ਦੀ ਦੂਜੀ ਨਕਲ।

11. (1) ਜਿੱਥੇ ਮਾਲ-ਗੁਦਾਮ-ਪ੍ਰਬੰਧਕ ਨੂੰ ਜਾਰੀ ਕੀਤਾ ਗਿਆ ਲਸੰਸ ਗੁਆਚ ਜਾਂਦਾ ਹੈ, ਨਸ਼ਟ ਹੋ ਜਾਂਦਾ ਹੈ, ਪਾਟ ਜਾਂਦਾ ਹੈ, ਰੂਪ ਵਿਗੜ ਜਾਂਦਾ ਹੈ ਜਾਂ ਹੋਰ ਤਰ੍ਹਾਂ ਪੜ੍ਹੇ ਜਾ ਸਕਣ ਵਾਲਾ ਨਹੀਂ ਰਹਿੰਦਾ, ਤਾਂ ਮੁਕੱਰਰ ਅਥਾਰਟੀ ਮਾਲ-ਗੁਦਾਮ-ਪ੍ਰਬੰਧਕ ਦੀ ਦਰਖ਼ਾਸਤ ਤੇ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਤੇ ਲਸੰਸ ਦੀ ਦੂਜੀ ਨਕਲ ਜਾਰੀ ਕਰੇਗੀ।

(2) ਜਦੋਂ ਲਸੰਸ ਦੀ ਦੂਜੀ ਨਕਲ ਜਾਰੀ ਕੀਤੀ ਜਾਂਦੀ ਹੈ, ਤਾਂ ਉਸ ਤੇ ਸਪੱਸ਼ਟ ਤੌਰ ਤੇ "ਦੂਜੀ ਨਕਲ" ਦੀ ਮੁਹਰ ਲਗਾਈ ਜਾਵੇਗੀ ਅਤੇ ਲਸੰਸ ਜਾਰੀ ਕਰਨ ਵਾਲੇ ਦਫ਼ਤਰ ਦੇ ਰਿਕਾਰਡ ਤੋਂ ਦੂਜੀ ਨਕਲ ਜਾਰੀ ਕਰਨ ਦੀ ਤਰੀਕ ਅਤੇ ਅਸਲ ਦੀ ਤਰੀਕ ਅੰਕਿਤ ਕੀਤੀ ਜਾਵੇਗੀ।

## ਅਧਿਆਏ III

## ਮਾਲ-ਗੁਦਾਮ-ਪ੍ਰਬੰਧਕ ਦੇ ਕਰਤੱਵ

ਜਮ੍ਹਾਂ ਕੀਤੇ ਮਾਲ ਦੀ ਵਾਜਬ ਦੇਖ-ਰੇਖ।

12. ਹਰੇਕ ਮਾਲ-ਗੁਦਾਮ-ਪ੍ਰਬੰਧਕ ਆਪਣੇ ਕੋਲ ਜਮ੍ਹਾਂ ਕੀਤੇ ਗਏ ਮਾਲ ਦੀ ਅਜਿਹੀ ਦੇਖ-ਰੇਖ ਕਰੇਗਾ ਜਿਵੇਂ ਇੱਕ ਸਾਧਾਰਨ ਸਿਆਣਪ ਵਾਲਾ ਵਿਅਕਤੀ ਉਹੋ ਜਿਹੇ ਹਾਲਾਤਾਂ ਅਤੇ ਸੂਰਤਾਂ ਵਿੱਚ ਆਪਣੇ ਮਾਲ ਦੀ ਕਰੇਗਾ।

ਮਾਲ ਨੂੰ ਨੁਕਸਾਨ ਜਾਂ ਹਾਨੀ ਵਿਰੁੱਧ ਇਹਤਿਆਤ।

13. (1) ਹਰੇਕ ਮਾਲ-ਗੁਦਾਮ-ਪ੍ਰਬੰਧਕ ਆਪਣੇ ਮਾਲ-ਗੁਦਾਮ ਨੂੰ ਸਾਫ਼ ਅਤੇ ਗਿੱਲ ਤੋਂ ਮੁਕਤ ਰੱਖੇਗਾ, ਚੂਹਿਆਂ ਅਤੇ ਹੋਰ ਕੀੜੇ-ਮਕੌੜਿਆਂ ਤੋਂ ਬਚਾਅ ਲਈ ਸਾਰੇ ਜ਼ਰੂਰੀ ਇਹਤਿਆਤ ਵਰਤੇਗਾ, ਅਤੇ ਅਜਿਹੀਆਂ ਸ਼ਰਤਾਂ ਪੂਰੀਆਂ ਕਰੇਗਾ ਜੋ ਮੁਕੱਰਰ ਕੀਤੀਆਂ ਜਾਣ।

(2) ਕੋਈ ਮਾਲ-ਗੁਦਾਮ-ਪ੍ਰਬੰਧਕ ਅਜਿਹੇ ਮਾਲ ਨੂੰ ਜਮ੍ਹਾਂ ਕਰਵਾਉਣ ਲਈ ਸਵੀਕਾਰ ਨਹੀਂ ਕਰੇਗਾ ਜੋ ਹੋਰ ਮਾਲ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਰੱਖਦੇ ਹਨ ਜੋ ਮਾਲ-ਗੁਦਾਮ ਵਿੱਚ ਜਮ੍ਹਾਂ ਹਨ ਜਾਂ ਜਮ੍ਹਾਂ ਕੀਤੇ ਜਾ ਸਕਦੇ ਹਨ।

ਮਾਲ ਦੀ ਸ਼ਨਾਖਤ ਕਾਇਮ ਰੱਖਣਾ।

14. ਹਰੇਕ ਮਾਲ-ਗੁਦਾਮ-ਪ੍ਰਬੰਧਕ ਇੱਕ ਜਮ੍ਹਾਂਕਰਤਾ ਦੇ ਮਾਲ ਨੂੰ, ਅਜਿਹੇ ਤਰੀਕੇ ਨਾਲ ਕਿ ਹਰ ਸਮੇਂ ਜਮ੍ਹਾਂ ਕੀਤੇ ਮਾਲ ਦੀ ਸ਼ਨਾਖਤ ਅਤੇ ਡਿਲੀਵਰੀ ਦੀ ਆਗਿਆ ਦਿੱਤੀ ਜਾ ਸਕੇ, ਹੋਰ ਜਮ੍ਹਾਂਕਰਤਾਵਾਂ ਦੇ ਮਾਲ ਤੋਂ ਅਤੇ ਉਸੇ ਜਮ੍ਹਾਂਕਰਤਾ ਦੇ ਹੋਰ ਮਾਲ ਤੋਂ ਵੱਖਰਾ ਰੱਖੇਗਾ ਜਿਸ ਲਈ ਵੱਖਰੀ ਰਸੀਦ ਜਾਰੀ ਕੀਤੀ ਗਈ ਹੈ:

ਪਰੰਤੂ ਜਿੱਥੇ ਮਿਆਰੀ ਅਤੇ ਦਰਜਾਬੱਧ ਕੀਤਾ ਮਾਲ ਮਾਲ-ਗੁਦਾਮ ਵਿੱਚ ਸਟੋਰ ਕੀਤਾ ਜਾਂਦਾ ਹੈ, ਤਾਂ, ਮਾਲ-ਗੁਦਾਮ-ਪ੍ਰਬੰਧਕ ਅਤੇ ਇੱਕ ਜਮ੍ਹਾਂਕਰਤਾ ਵਿਚਕਾਰ ਕਿਸੇ ਇਕਰਾਰਨਾਮੇ ਦੇ ਤਾਬੇ, ਵੱਖ ਵੱਖ ਜਮ੍ਹਾਂਕਰਤਾਵਾਂ ਨਾਲ ਸਬੰਧਤ ਇੱਕ ਕਿਸਮ ਦੇ ਮਾਲ ਨੂੰ ਇਕੱਠੇ ਸਟੋਰ ਕੀਤਾ ਜਾ ਸਕਦਾ ਹੈ ਅਤੇ ਹਰੇਕ ਜਮ੍ਹਾਂਕਰਤਾ ਕੇਵਲ ਭਾਰ ਜਾਂ ਮਿਕਦਾਰ ਦੇ ਅਨੁਸਾਰ, ਜਿਹੀ ਕਿ ਸੂਰਤ ਹੋਵੇ, ਮਾਲ ਦੇ ਆਪਣੇ ਹਿੱਸੇ ਦਾ ਹੱਕਦਾਰ ਹੋਵੇਗਾ, ਜਿਵੇਂ ਉਸ ਦੀ ਰਸੀਦ ਵਿੱਚ ਦਰਸਾਇਆ ਗਿਆ ਹੋਵੇ।

ਗੁਦਾਮ ਵਿੱਚ ਖਰਾਬ ਹੋ ਰਿਹਾ ਮਾਲ ਅਤੇ ਉਸ ਦਾ ਨਿਪਟਾਰਾ।

15. (1) ਜਦੋਂ ਵੀ ਕਿਸੇ ਮਾਲ-ਗੁਦਾਮ ਵਿੱਚ ਜਮ੍ਹਾਂ ਕੀਤਾ ਗਿਆ ਮਾਲ, ਮਾਲ-ਗੁਦਾਮ-ਪ੍ਰਬੰਧਕ ਦੇ ਵੱਸ ਤੋਂ ਬਾਹਰ ਦੇ ਕਾਰਨਾਂ ਕਰਕੇ ਖਰਾਬ ਹੋਣਾ ਸ਼ੁਰੂ ਹੋ ਜਾਂਦਾ ਹੈ, ਤਾਂ ਉਹ ਤਤਕਾਲ ਜਮ੍ਹਾਂਕਰਤਾ ਨੂੰ ਇਸ ਤੱਥ ਦਾ ਨੋਟਿਸ ਦੇਵੇਗਾ, ਜਿਸ ਵਿੱਚ ਉਸ ਨੂੰ ਸਹੀ ਢੰਗ ਨਾਲ ਮੁਕਤ ਹੋਈ ਰਸੀਦ ਅਰਪਣ ਕਰਨ ਅਤੇ

ਮਾਲ-ਗੁਦਾਮ-ਪ੍ਰਬੰਧਕ ਨੂੰ ਦੇਣਯੋਗ ਬਣਦੇ ਖ਼ਰਚੇ ਅਦਾ ਕਰਨ ਪਿੱਛੋਂ ਤੁਰੰਤ ਮਾਲ ਦੀ ਡਿਲੀਵਰੀ ਲੈਣਾ ਲੋੜਿਆ ਜਾਵੇਗਾ।

ਵਿਆਖਿਆ:- ਸੁੰਗੜਨ ਜਾਂ ਸੁੱਕਣ ਦੁਆਰਾ ਭਾਰ ਜਾਂ ਮਾਤਰਾ ਦੇ ਹਾਨ ਜਾਂ ਨਮੀ ਨੂੰ ਸੋਖਣ ਦੁਆਰਾ ਭਾਰ ਜਾਂ ਮਾਤਰਾ ਵਿੱਚ ਵਾਧਾ ਇਸ ਉਪ-ਧਾਰਾ ਦੇ ਅਰਥਾਂ ਅੰਦਰ ਖਰਾਬ ਹੋਣਾ ਸਮਝਿਆ ਜਾਵੇਗਾ, ਜੇ ਹਾਨ ਜਾਂ ਲਾਭ ਅਜਿਹੀਆਂ ਸੀਮਾਵਾਂ ਤੋਂ ਵੱਧ ਹੋ ਜਾਂਦਾ ਹੈ, ਜੋ ਮੁਕੱਰਰ ਕੀਤੀਆਂ ਜਾਣ।

(2) ਜੇ ਜਮ੍ਹਾਂਕਰਤਾ, ਮੁਕੱਰਰ ਵਾਜਬ ਸਮੇਂ ਦੇ ਅੰਦਰ, ਉਪ-ਧਾਰਾ (1) ਅਧੀਨ ਉਸ ਨੂੰ ਦਿੱਤੇ ਗਏ ਨੋਟਿਸ ਦੀ ਪਾਲਣਾ ਨਹੀਂ ਕਰਦਾ, ਤਾਂ ਮਾਲ-ਗੁਦਾਮ-ਪ੍ਰਬੰਧਕ ਜਮ੍ਹਾਂਕਰਤਾ ਦੇ ਖਰਚੇ ਅਤੇ ਜੋਖ਼ਮ ਤੇ ਮਾਲ ਨੂੰ ਮਾਲ-ਗੁਦਾਮ ਤੋਂ ਹਟਾ ਸਕਦਾ ਹੈ ਅਤੇ ਆਮ ਨਿਲਾਮੀ ਦੁਆਰਾ ਅਜਿਹੀ ਸ਼ਰਤਾਂ ਤੇ ਵੇਚ ਸਕਦਾ ਹੈ ਜੋ ਮੁਕੱਰਰ ਕੀਤੀਆਂ ਜਾਣ।

(3) ਇੱਕ ਮਾਲ-ਗੁਦਾਮ ਵਿੱਚ ਜਮ੍ਹਾਂ ਕੀਤੇ ਕਿਸੇ ਮਾਲ ਵਿੱਚ ਜਾਂ ਅਜਿਹੇ ਮਾਲ ਦੀ ਰਸੀਦ ਵਿੱਚ ਹਿੱਤ ਰੱਖਦਾ ਕੋਈ ਵਿਅਕਤੀ, ਮਾਲ-ਗੁਦਾਮ-ਪ੍ਰਬੰਧਕ ਨੂੰ ਆਪਣੇ ਹਿੱਤ ਦੇ ਤੱਥ ਅਤੇ ਪ੍ਰਕਿਰਤੀ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰ ਸਕੇਗਾ ਅਤੇ ਮਾਲ-ਗੁਦਾਮ-ਪ੍ਰਬੰਧਕ ਇਸ ਦਾ ਰਿਕਾਰਡ ਰੱਖੇਗਾ; ਅਤੇ ਜੇ ਅਜਿਹਾ ਵਿਅਕਤੀ ਲਿਖਤੀ ਰੂਪ ਵਿੱਚ ਬੇਨਤੀ ਕਰਦਾ ਹੈ ਕਿ ਉਸ ਨੂੰ ਮਾਲ ਦੀ ਸਥਿਤੀ ਬਾਬਤ ਇਤਲਾਹ ਦਿੱਤੀ ਜਾਵੇ ਅਤੇ ਅਜਿਹੀ ਇਤਲਾਹ ਦੇਣ ਦੇ ਖਰਚੇ ਅਦਾ ਕਰਨ ਲਈ ਸਹਿਮਤ ਹੁੰਦਾ ਹੈ, ਤਾਂ ਮਾਲ-ਗੁਦਾਮ-ਪ੍ਰਬੰਧਕ ਉਸ ਨੂੰ ਉਸ ਅਨੁਸਾਰ ਇਤਲਾਹ ਦੇਵੇਗਾ।

ਮਾਲ ਦੀ ਹਵਾਲਗੀ।

16. (1) ਹਰੇਕ ਮਾਲ-ਗੁਦਾਮ-ਪ੍ਰਬੰਧਕ, ਕਿਸੇ ਵਾਜਬ ਬਹਾਨੇ ਦੀ ਅਣਹੋਂਦ ਵਿੱਚ, ਬਿਨਾਂ ਕਿਸੇ ਗੈਰ-ਜ਼ਰੂਰੀ ਦੇਰੀ ਦੇ, ਆਪਣੇ ਮਾਲ-ਗੁਦਾਮ ਵਿੱਚ ਜਮ੍ਹਾਂ ਕੀਤੇ ਮਾਲ ਨੂੰ ਜਮ੍ਹਾਂਕਰਤਾ ਦੁਆਰਾ ਮੰਗੇ ਜਾਣ ਤੇ ਅਤੇ ਉਚਿਤ ਢੰਗ ਨਾਲ ਮੁਕਤ ਹੋਈ ਰਸੀਦ ਸਪੁਰਦ ਕਰਨ ਅਤੇ ਮਾਲ-ਗੁਦਾਮ-ਪ੍ਰਬੰਧਕ ਨੂੰ ਦੇਣਯੋਗ ਬਣਦੇ ਸਾਰੇ ਖ਼ਰਚਿਆਂ ਦੀ ਅਦਾਇਗੀ ਕਰਨ ਤੇ, ਉਸ ਦੇ ਸਪੁਰਦ ਕਰੇਗਾ।

(2) ਮਾਲ-ਗੁਦਾਮ-ਪ੍ਰਬੰਧਕ ਅਤੇ ਜਮ੍ਹਾਂਕਰਤਾ ਵਿਚਕਾਰ ਕਿਸੇ ਇਕਰਾਰਨਾਮੇ ਦੇ ਤਾਬੇ, ਜਮ੍ਹਾਂਕਰਤਾ ਮਾਲ-ਗੁਦਾਮ ਵਿੱਚ ਜਮ੍ਹਾਂ ਕੀਤੇ ਮਾਲ ਦੀ ਅੰਸ਼ਕ ਡਿਲੀਵਰੀ ਲੈ ਸਕੇਗਾ।

ਸਟੋਰ ਕੀਤੇ ਮਾਲ ਵਿੱਚ ਥੁੜ੍ਹ ਜਾਂ ਵਾਧਾ ਹੋਣ ਲਈ ਮਾਲ-ਗੁਦਾਮ-ਪ੍ਰਬੰਧਕ ਦੀ ਦੇਣਦਾਰੀ।

17. (1) ਧਾਰਾ 15 ਦੀ ਉਪ-ਧਾਰਾ (1) ਅਤੇ ਧਾਰਾ 16 ਦੇ ਪ੍ਰਯੋਜਨਾਂ ਲਈ, ਮੁਕੱਰਰ ਸੀਮਾਵਾਂ ਦੇ ਅੰਦਰ ਸੁੱਕਣ ਜਾਂ ਸੁੰਗੜਨ ਕਾਰਨ ਭਾਰ ਜਾਂ ਮਾਤਰਾ ਵਿੱਚ ਹੋਣ ਵਾਲੀ ਹਾਨ ਅਤੇ ਅਜਿਹੀਆਂ ਸੀਮਾਵਾਂ ਦੇ ਅੰਦਰ ਨਮੀ ਸੋਖਣ ਕਾਰਨ ਭਾਰ ਵਿੱਚ ਵਾਧੇ ਨੂੰ ਖਰਾਬ ਹੋਣਾ ਨਹੀਂ ਸਮਝਿਆ ਜਾਵੇਗਾ।

(2) ਜੇ ਕਿਸੇ ਮਾਲ-ਗੁਦਾਮ ਵਿੱਚ ਸਟੋਰ ਕੀਤੇ ਮਾਲ ਵਿੱਚ ਨਮੀ ਸੋਖਣ ਜਾਂ ਹੋਰ ਕਾਰਨਾਂ ਕਰਕੇ ਕੋਈ ਵਾਧਾ ਹੁੰਦਾ ਹੈ, ਤਾਂ ਮਾਲ-ਗੁਦਾਮ-ਪ੍ਰਬੰਧਕ ਇਸ ਦਾ ਹੱਕਦਾਰ ਨਹੀਂ ਹੋਵੇਗਾ।

(3) ਜੇ ਕਿਸੇ ਮਾਲ-ਗੁਦਾਮ ਵਿੱਚ ਸਟੋਰ ਕੀਤੇ ਮਾਲ ਵਿੱਚ ਸੁੱਕਣ ਜਾਂ ਉਸ ਦੇ ਵੱਸ ਤੋਂ ਬਾਹਰ ਦੇ ਹੋਰ ਕਾਰਨਾਂ ਕਰਕੇ ਕੋਈ ਥੁੜ੍ਹ ਆਉਂਦੀ ਹੈ, ਤਾਂ ਮਾਲ-ਗੁਦਾਮ-ਪ੍ਰਬੰਧਕ ਉਸ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

(4) ਇਸ ਬਾਰੇ ਵਿਵਾਦ ਪੈਦਾ ਹੋਣ ਦੀ ਸੂਰਤ ਵਿੱਚ ਕਿ ਕੀ ਅਜਿਹੀ ਥੁੜ੍ਹ ਜਾਂ ਵਾਧਾ ਸੁੱਕਣ ਜਾਂ ਨਮੀ ਸੋਖਣ ਕਾਰਨ ਹੋਇਆ ਹੈ ਜਾਂ ਮਾਲ-ਗੁਦਾਮ-ਪ੍ਰਬੰਧਕ ਦੇ ਵੱਸ ਤੋਂ ਬਾਹਰ ਦੇ ਹੋਰ ਕਾਰਨਾਂ ਕਰਕੇ ਹੋਇਆ ਹੈ, ਤਾਂ ਮਾਮਲਾ ਧਾਰਾ 29 ਵਿੱਚ ਹਵਾਲਾ ਕੀਤੀ ਗਈ ਅਪੀਲੀ ਅਥਾਰਟੀ ਨੂੰ ਭੇਜਿਆ ਜਾਵੇਗਾ, ਜਿਸ ਦਾ ਉਸ ਤੇ ਫ਼ੈਸਲਾ ਅੰਤਮ ਅਤੇ ਬੰਧਨਕਾਰੀ ਹੋਵੇਗਾ।

ਮਾਲ-ਗੁਦਾਮ ਵਿੱਚ ਮਾਲ ਦਾ ਬੀਮਾ।

18. (1) ਹਰੇਕ ਮਾਲ-ਗੁਦਾਮ-ਪ੍ਰਬੰਧਕ ਮਾਲ-ਗੁਦਾਮ ਵਿੱਚ ਸਟੋਰ ਕੀਤੇ ਮਾਲ ਦਾ ਅਜਿਹੇ ਜੋਖ਼ਮਾਂ ਦੇ ਬਦਲੇ, ਅਤੇ ਅਜਿਹੇ ਤਰੀਕੇ ਨਾਲ ਬੀਮਾ ਕਰਵਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ:

ਪਰੰਤੂ ਇੱਕ ਜਮ੍ਹਾਂਕਰਤਾ ਆਪਣੇ ਖ਼ਰਚੇ ਤੇ ਆਪਣੇ ਮਾਲ ਦਾ ਹੋਰ ਜੋਖ਼ਮਾਂ ਦੇ ਬਦਲੇ ਬੀਮਾ ਕਰਵਾ ਸਕੇਗਾ:

ਪਰੰਤੂ ਇਹ ਹੋਰ ਕਿ ਇਸ ਉਪ-ਧਾਰਾ ਵਿੱਚ ਦਰਜ ਕੁੱਝ ਵੀ ਮਾਲ-ਗੁਦਾਮ ਨਿਗਮ ਐਕਟ, 1962 (1962 ਦਾ ਸੰਸਦ ਐਕਟ 58) ਅਧੀਨ ਸਥਾਪਤ ਮਾਲ-ਗੁਦਾਮ ਨਿਗਮ ਨਾਲ ਸਬੰਧਤ ਮਾਲ-ਗੁਦਾਮ ਵਿੱਚ ਜਮ੍ਹਾਂ ਕਰਵਾਏ ਗਏ ਮਾਲ ਤੇ ਲਾਗੂ ਨਹੀਂ ਹੋਵੇਗਾ, ਜਿੱਥੇ ਅਜਿਹਾ ਮਾਲ ਗੁਦਾਮ ਨਿਗਮ, ਮੁਕੱਰਰ ਕੀਤੇ ਗਏ ਜੋਖ਼ਮਾਂ ਤੋਂ ਹੋਣ ਵਾਲੇ ਨੁਕਸਾਨ ਦੇ ਬਦਲੇ ਜਮ੍ਹਾਂਕਰਤਾ ਨੂੰ ਮੁਆਵਜ਼ਾ ਦੇਣ ਲਈ, ਮੁਕੱਰਰ ਤਰੀਕੇ ਨਾਲ, ਸਹਿਮਤ ਹੋ ਗਿਆ ਹੈ।

(2) ਹਰੇਕ ਮਾਲ-ਗੁਦਾਮ-ਪ੍ਰਬੰਧਕ ਜਮ੍ਹਾਂਕਰਤਾ ਤੋਂ ਜਮ੍ਹਾਂ ਕਰਤਾ ਦੇ ਮਾਲ ਬਾਰੇ ਉਸ ਦੀ ਹਵਾਲਗੀ ਤੋਂ ਪਹਿਲਾਂ, ਬੀਮੇ ਲਈ ਖ਼ਰਚੇ ਮੁਕੱਰਰ ਦਰ ਤੇ ਵਸੂਲਣ ਦਾ ਹੱਕਦਾਰ ਹੋਵੇਗਾ, ਅਤੇ ਜਿੱਥੇ ਮਾਲ-ਗੁਦਾਮ ਨਿਗਮ ਐਕਟ, 1962 (1962 ਦਾ ਸੰਸਦ ਐਕਟ 58) ਦੇ ਅਧੀਨ ਸਥਾਪਤ ਮਾਲ-ਗੁਦਾਮ ਨਿਗਮ ਉਪ-ਧਾਰਾ (1) ਦੇ ਦੂਜੇ ਪਰੰਤੁਕ ਦੇ ਅਧੀਨ ਜਮ੍ਹਾਂਕਰਤਾ ਨੂੰ ਮੁਆਵਜ਼ਾ ਦੇਣ ਲਈ ਸਹਿਮਤ ਹੋ ਗਿਆ ਹੈ, ਅਜਿਹਾ ਨਿਗਮ ਜਮ੍ਹਾਂਕਰਤਾ ਤੋਂ, ਉਸ ਜੋਖ਼ਮ ਲਈ ਜਿਸ ਲਈ ਮੁਆਵਜ਼ਾ ਦੇਣ ਲਈ ਉਹ ਸਹਿਮਤ ਹੋਇਆ ਹੈ, ਬੀਮਾ ਪ੍ਰੀਮੀਅਮ ਦੀ ਟੈਰਿਫ਼ ਦਰ ਤੋਂ ਵੱਧ ਨ ਹੋਣ ਵਾਲੇ, ਅਜਿਹੇ ਵਾਧੂ ਖ਼ਰਚੇ ਵਸੂਲਣ ਲਈ ਹੱਕਦਾਰ ਹੋਵੇਗਾ ਜੋ ਉਹ ਤੈਅ ਕਰੇ।

ਵਿਤਕਰੇ ਦੀ ਮਨਾਹੀ।

19. ਕੋਈ ਮਾਲ-ਗੁਦਾਮ-ਪ੍ਰਬੰਧਕ, ਆਪਣੇ ਕਾਰੋਬਾਰ ਦੇ ਸੰਚਾਲਨ ਵਿੱਚ, ਉਸ ਦੇ ਮਾਲ-ਗੁਦਾਮ ਦੀਆਂ ਸਹੂਲਤਾਂ ਦਾ ਫ਼ਾਇਦਾ ਉਠਾਉਣ ਦੇ ਚਾਹਵਾਨ ਵਿਅਕਤੀਆਂ ਵਿਚਕਾਰ ਵਿਤਕਰਾ ਨਹੀਂ ਕਰੇਗਾ:

ਪਰੰਤੂ ਮਾਲ-ਗੁਦਾਮ-ਪ੍ਰਬੰਧਕ ਰਾਜ ਵਿੱਚ ਸਹਿਕਾਰੀ ਸੋਸਾਇਟੀਆਂ ਨੂੰ ਅਜਿਹੀ ਤਰਜੀਹ ਪ੍ਰਗਟ ਕਰੇਗਾ ਅਤੇ ਉਹਨਾਂ ਨੂੰ ਅਜਿਹੀਆਂ ਰਿਆਇਤੀ ਦਰਾਂ ਦੀ ਇਜਾਜ਼ਤ ਦੇਵੇਗਾ ਜੋ ਮੁਕੱਰਰ ਕੀਤੀਆਂ ਜਾਣ।

ਮਾਲ-ਗੁਦਾਮ-ਪ੍ਰਬੰਧਕ ਦਾ ਮਾਲ-ਗੁਦਾਮ ਵਿੱਚ ਮਾਲ ਦੇ ਬਦਲੇ ਵਪਾਰ ਜਾਂ ਉਧਾਰ ਨ ਕਰਨਾ।

20. ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਮਾਲ-ਗੁਦਾਮ-ਪ੍ਰਬੰਧਕ, ਸਹਿਕਾਰੀ ਸੋਸਾਇਟੀ ਤੋਂ ਇਲਾਵਾ, ਜਾਂ ਤਾਂ ਆਪਣੇ ਜਾਂ ਦੂਜਿਆਂ ਦੇ ਨਮਿੱਤ, ਉਸ ਦੁਆਰਾ ਆਪਣੇ ਮਾਲ-ਗੁਦਾਮ ਵਿੱਚ ਜਮ੍ਹਾਂ ਕਰਾਉਣ ਹਿੱਤ ਪ੍ਰਾਪਤ ਕੀਤੇ ਮਾਲ ਦਾ ਵਪਾਰ ਨਹੀਂ ਕਰੇਗਾ ਜਾਂ ਉਸ ਤੇ ਧਨ ਉਧਾਰ ਨਹੀਂ ਦੇਵੇਗਾ।

ਲੇਖਿਆਂ ਆਦਿ ਦਾ ਕਾਇਮ ਰੱਖਿਆ ਜਾਣਾ।

21. ਇੱਕ ਮਾਲ-ਗੁਦਾਮ-ਪ੍ਰਬੰਧਕ ਲੇਖੇ, ਵਹੀਆਂ ਅਤੇ ਰਿਕਾਰਡਾਂ ਨੂੰ ਅਜਿਹੇ ਰੂਪ ਅਤੇ ਤਰੀਕੇ ਨਾਲ ਕਾਇਮ ਰੱਖੇਗਾ ਜਿਵੇਂ ਮੁਕੱਰਰ ਕੀਤਾ ਜਾਵੇ।

## ਅਧਿਆਏ IV

## ਮਾਲ ਦਾ ਨਿਰੀਖਣ ਅਤੇ ਦਰਜਾਬੰਦੀ

ਨਿਰੀਖਣ।

22. ਮੁਕੱਰਰ ਅਥਾਰਟੀ, ਕਾਰੋਬਾਰ ਦੇ ਸਮੇਂ ਦੌਰਾਨ ਕਿਸੇ ਵੀ ਸਮੇਂ, ਕਿਸੇ ਲਸੰਸੀ ਮਾਲ-ਗੁਦਾਮ, ਇਸ ਦੀ ਮਸ਼ੀਨਰੀ ਅਤੇ ਉਪਕਰਣ, ਉਸ ਵਿੱਚ ਜਮ੍ਹਾਂ ਕੀਤੇ ਗਏ ਮਾਲ ਅਤੇ ਉਸ ਨਾਲ ਸਬੰਧਤ ਲੇਖਾ ਵਹੀਆਂ ਅਤੇ ਰਿਕਾਰਡਾਂ ਦਾ, ਆਪਣੇ ਆਪ ਦੀ ਤਸੱਲੀ ਕਰਨ ਦੇ ਪ੍ਰਯੋਜਨ ਲਈ ਕਿ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੀਆਂ ਲੋੜਾਂ ਦੀ ਪਾਲਣਾ ਕੀਤੀ ਜਾ ਰਹੀ ਹੈ, ਨਿਰੀਖਣ ਜਾਂ ਜਾਂਚ ਕਰ ਸਕੇਗੀ ਜਾਂ ਨਿਰੀਖਣ ਜਾਂ ਜਾਂਚ ਕਰਵਾ ਸਕੇਗੀ।

ਭਾਰ ਤੋਲਕ, ਨਮੂਨਾਕਾਰ ਅਤੇ ਦਰਜੇਕਾਰ ਵਜੋਂ ਲਸੰਸ ਪ੍ਰਾਪਤ ਕਰਨਾ।

23. (1) ਮੁਕੱਰਰ ਅਥਾਰਟੀ, ਮੁਕੱਰਰ ਤਰੀਕੇ ਨਾਲ ਦਿੱਤੀ ਗਈ ਦਰਖ਼ਾਸਤ ਤੇ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਕਰਨ 'ਤੇ, ਮੁਕੱਰਰ ਕਾਬਲੀਅਤ ਰੱਖਣ ਵਾਲੇ ਵਿਅਕਤੀਆਂ ਨੂੰ ਲਸੰਸ ਜਾਰੀ ਕਰ ਸਕੇਗੀ ਜੋ ਉਨ੍ਹਾਂ ਨੂੰ ਕਿਸੇ ਲਸੰਸੀ ਮਾਲ-ਗੁਦਾਮ ਵਿੱਚ ਜਮ੍ਹਾਂ ਕੀਤੇ ਜਾਂ ਜਮ੍ਹਾਂ ਕੀਤੇ ਜਾਣ ਵਾਲੇ ਮਾਲ ਦੇ ਭਾਰ ਤੋਲਕਾਂ, ਨਮੂਨਾਕਾਰਾਂ ਅਤੇ ਦਰਜੇਕਾਰਾਂ ਵਜੋਂ ਕੰਮ ਕਰਨ ਅਤੇ ਉਸ ਮਾਲ ਦੇ ਭਾਰ, ਮਾਤਰਾ, ਗੁਣਵੱਤਾ ਜਾਂ ਦਰਜੇ ਵਜੋਂ ਪ੍ਰਮਾਣ-ਪੱਤਰ ਜਾਰੀ ਕਰਨ ਦੇ ਹੱਕਦਾਰ ਬਣਾਉਂਦੇ ਹਨ ਜਿਸ ਦੀ ਉਨ੍ਹਾਂ ਨੇ ਜਾਂਚ ਕੀਤੀ ਹੈ।

(2) ਮੁਕੱਰਰ ਅਥਾਰਟੀ ਇੱਕ ਸਾਲਸੀ ਬੋਰਡ ਨਿਯੁਕਤ ਕਰ ਸਕਦੀ ਹੈ ਜਿਸ ਦੇ ਮਾਲ-ਗੁਦਾਮ ਵਿੱਚ ਭੰਡਾਰਨ ਕੀਤੇ ਮਾਲ ਦੇ ਭਾਰ, ਗੁਣਵੱਤਾ ਜਾਂ ਦਰਜੇ ਨਾਲ ਸਬੰਧਤ ਭਾਰ ਤੋਲਕਾਂ, ਨਮੂਨਾਕਾਰਾਂ ਅਤੇ ਸ੍ਰੇਣੀਕਾਰਾਂ ਜਾਂ ਮਾਲ-ਗੁਦਾਮ-ਪ੍ਰਬੰਧਕ ਵਿਰੁੱਧ ਕਿਸੇ ਸ਼ਿਕਾਇਤ ਤੇ ਫ਼ੈਸਲੇ ਅੰਤਮ ਹੋਣਗੇ। ਮਾਲ-ਗੁਦਾਮ ਵਿੱਚ ਮਾਲ ਦੇ ਭਾਰ, ਗੁਣਵੱਤਾ ਜਾਂ ਦਰਜੇ ਬਾਰੇ ਭਾਰ ਤੋਲਕਾਂ, ਨਮੂਨਾਕਾਰਾਂ ਅਤੇ ਸ੍ਰੇਣੀਕਾਰਾਂ ਦੁਆਰਾ ਦਿੱਤੇ ਪ੍ਰਮਾਣ-ਪੱਤਰ ਮਾਲ-ਗੁਦਾਮ-ਪ੍ਰਬੰਧਕ ਅਤੇ ਜਮ੍ਹਾਂਕਰਤਾ ਤੇ ਸਾਲਸੀ ਬੋਰਡ ਨੂੰ ਉਨ੍ਹਾਂ ਦੁਆਰਾ ਦਾਇਰ ਕੀਤੀ ਅਪੀਲ ਵਿੱਚ ਕਿਸੇ ਹੁਕਮ ਦੇ ਤਾਬੇ ਬੰਧਨਕਾਰੀ ਹੋਣਗੇ।

(3) ਕੋਈ ਵਿਅਕਤੀ ਜੋ ਇਸ ਧਾਰਾ ਅਧੀਨ ਲਸੰਸੀ ਨਹੀਂ ਹੈ, ਉਹ ਭਾਰ ਤੋਲਕ, ਨਮੂਨਾਕਾਰ ਅਤੇ ਦਰਜੇਕਾਰ ਵਜੋਂ ਕੰਮ ਨਹੀਂ ਕਰੇਗਾ ਜਾਂ ਆਪਣੇ-ਆਪ ਨੂੰ ਇਸ ਰੂਪ ਵਿੱਚ ਨਹੀਂ ਦਰਸਾਏਗਾ।

ਅਜਿਹੇ ਲਸੰਸਾਂ ਬਾਬਤ ਉਪਬੰਧ।

24. (1) ਧਾਰਾ 23 ਅਧੀਨ ਭਾਰ ਤੋਲਕ, ਨਮੂਨੇਕਾਰ ਜਾਂ ਦਰਜੇਕਾਰ ਨੂੰ ਜਾਰੀ ਕੀਤਾ ਗਿਆ ਲਸੰਸ ਮੁਕੱਰਰ ਮੁੱਦਤ ਲਈ ਜਾਇਜ਼ ਹੋਵੇਗਾ ਅਤੇ ਦਰਖ਼ਾਸਤ ਦੇਣ ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਤੇ ਮੁਕੱਰਰ ਅਥਾਰਟੀ ਦੁਆਰਾ ਸਮੇਂ ਸਮੇਂ ਤੇ ਮੁਕੱਰਰ ਮੁੱਦਤ ਲਈ ਨਵਿਆਇਆ ਜਾ ਸਕੇਗਾ।

(2) ਮੁਕੱਰਰ ਅਥਾਰਟੀ ਲਸੰਸਧਾਰੀ ਨੂੰ ਉਹਨਾਂ ਆਧਾਰਾਂ ਬਾਰੇ ਸੰਸੂਚਿਤ ਕਰਨ ਜਿਨ੍ਹਾਂ ਦੇ ਆਧਾਰ ਤੇ ਕਾਰਵਾਈ ਕਰਨ ਦੀ ਤਜਵੀਜ਼ ਹੈ, ਅਤੇ ਉਸ ਤੇ ਪ੍ਰਸਤਾਵਿਤ ਕਾਰਵਾਈ ਕਿਉਂ ਨਹੀਂ ਕੀਤੀ ਜਾਣੀ ਚਾਹੀਦੀ, ਇਸ ਦਾ ਕਾਰਨ ਦੱਸਣ ਦਾ ਵਾਜਬ ਅਵਸਰ ਦੇਣ ਪਿੱਛੋਂ, ਅਜਿਹਾ ਕੋਈ ਲਸੰਸ ਰੱਦ ਕਰ ਸਕੇਗੀ।

(3) ਮੁਕੱਰਰ ਅਥਾਰਟੀ ਉਸ ਲਈ ਇਸ ਦੇ ਕਾਰਨ ਲਿਖਤੀ ਰੂਪ ਵਿੱਚ ਕਲਮਬੱਧ ਕਰਨ ਪਿੱਛੋਂ ਅਜਿਹੇ ਕਿਸੇ ਲਸੰਸ ਨੂੰ ਬਿਨਾਂ ਕਿਸੇ ਅਜਿਹੇ ਨੋਟਿਸ ਦੇ ਮੁਅੱਤਲ ਕਰ ਸਕੇਗੀ।

(4) ਅਜਿਹੇ ਕਿਸੇ ਲਸੰਸ ਦਾ ਧਾਰਕ, ਇਸ ਦੀ ਮੁੱਦਤ ਗੁਜ਼ਰਨ ਤੇ ਜਾਂ ਇਸ ਨੂੰ ਮੁਅੱਤਲ ਜਾਂ ਰੱਦ ਕਰਨ ਵਾਲਾ ਹੁਕਮ ਪ੍ਰਾਪਤ ਹੋਣ ਤੇ, ਲਸੰਸ ਮੁਕੱਰਰ ਅਥਾਰਟੀ ਨੂੰ ਵਾਪਸ ਕਰੇਗਾ।

ਮਾਲ ਨੂੰ ਤੋਲਣ ਆਦਿ ਲਈ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ।

25. ਹਰੇਕ ਮਾਲ-ਗੁਦਾਮ-ਪ੍ਰਬੰਧਕ ਆਪਣੇ ਮਾਲ-ਗੁਦਾਮ ਵਿੱਚ ਜਮ੍ਹਾਂ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਕਿਸੇ ਮਾਲ ਨੂੰ ਤੋਲਣ, ਨਮੂਨਾ ਲੈਣ ਅਤੇ ਦਰਜਾਬੰਦੀ ਕਰਨ ਲਈ ਸਹੂਲਤਾਂ ਪ੍ਰਦਾਨ ਕਰੇਗਾ।

## ਅਧਿਆਏ V

## ਮਾਲ-ਗੁਦਾਮ ਰਸੀਦ

ਜਾਰੀ ਕੀਤੀ ਜਾਣ ਵਾਲੀ ਰਸੀਦ।

26. ਮਾਲ-ਗੁਦਾਮ-ਪ੍ਰਬੰਧਕ ਆਪਣੇ ਮਾਲ-ਗੁਦਾਮ ਵਿੱਚ ਹਰੇਕ ਜਮ੍ਹਾਂਕਰਤਾ ਦੁਆਰਾ ਜਮ੍ਹਾਂ ਕੀਤੇ ਗਏ ਮਾਲ ਲਈ, ਇੱਕ ਰਸੀਦ ਜਾਰੀ ਕਰੇਗਾ ਜਿਸ ਵਿੱਚ ਮਾਲ ਦੇ ਪੂਰੇ ਵੇਰਵੇ ਹੋਣਗੇ ਅਤੇ ਇਹ ਮੁਕੱਰਰ ਰੂਪ ਵਿੱਚ ਹੋਣਗੇ।

ਮਾਲ-ਗੁਦਾਮ ਵਿੱਚ ਜਮ੍ਹਾਂ ਕਰਵਾਉਣ ਲਈ ਰਸੀਦ।

27. ਮਾਲ-ਗੁਦਾਮ-ਪ੍ਰਬੰਧਕ ਦੁਆਰਾ ਜਾਰੀ ਕੀਤੀ ਗਈ ਰਸੀਦ, ਜਦੋਂ ਤੱਕ ਇਸ ਤੇ ਹੋਰ ਤਰ੍ਹਾਂ ਉਲਿਖਤ ਨ ਕੀਤਾ ਗਿਆ ਹੋਵੇ, ਪਿੱਠਅੰਕਣ ਦੁਆਰਾ ਇੰਤਕਾਲਯੋਗ ਹੋਵੇਗੀ ਅਤੇ ਇਸ ਦੇ ਕਾਨੂੰਨ ਧਾਰਕ ਨੂੰ ਉਨ੍ਹਾਂ ਹੀ ਨਿਬੰਧਨਾਂ ਅਤੇ ਸ਼ਰਤਾਂ ਤੇ ਰਸੀਦ ਵਿੱਚ ਉਲਿਖਤ ਮਾਲ ਪ੍ਰਾਪਤ ਕਰਨ ਦਾ ਹੱਕਦਾਰ ਬਣਾਵੇਗੀ ਜੋ ਅਸਲ ਜਮ੍ਹਾਂਕਰਤਾ ਲਈ ਸਨ।

ਵਿਆਖਿਆ:- ਇਸ ਧਾਰਾ ਦੇ ਉਪਬੰਧ ਉਸ ਵਿਅਕਤੀ ਦੁਆਰਾ ਜਾਰੀ ਕੀਤੀ ਗਈ ਕਿਸੇ ਰਸੀਦ ਤੇ ਲਾਗੂ ਨਹੀਂ ਹੋਣਗੇ ਜਿਸ ਨੇ ਇਸ ਐਕਟ ਦੇ ਅਧੀਨ ਲਸੰਸ ਪ੍ਰਾਪਤ ਨਹੀਂ ਕੀਤਾ ਹੈ।

ਰਸੀਦ ਦੀ ਦੂਜੀ ਨਕਲ।

28. ਜੇ ਰਸੀਦ ਗੁੰਮ ਹੋ ਜਾਂਦੀ ਹੈ, ਨਸ਼ਟ ਹੋ ਜਾਂਦੀ ਹੈ ਜਾਂ ਖਰਾਬ ਹੋ ਜਾਂਦੀ ਹੈ, ਤਾਂ ਮਾਲ-ਗੁਦਾਮ-ਪ੍ਰਬੰਧਕ ਜਮ੍ਹਾਂਕਰਤਾ ਦੀ ਦਰਖ਼ਾਸਤ ਤੇ ਅਤੇ ਉਸ ਦੁਆਰਾ ਮੁਕੱਰਰ ਫ਼ੀਸ ਦੀ ਅਦਾਇਗੀ ਤੇ, ਅਜਿਹੀਆਂ ਸ਼ਰਤਾਂ ਤੇ ਜੋ ਉਹ ਅਰੋਪਣਾ

ਜ਼ਰੂਰੀ ਸਮਝੇ, ਇਸ ਐਕਟ ਅਧੀਨ ਬਣਾਏ ਨਿਯਮਾਂ ਵਿੱਚ ਸ਼ਾਮਲ ਸ਼ਰਤਾਂ ਦੇ ਹੁੰਦੇ ਹੋਏ, ਰਸੀਦ ਦੀ ਦੂਜੀ ਨਕਲ ਜਾਰੀ ਕਰੇਗਾ।

## ਅਧਿਆਏ VI

## ਫੁਟਕਲ

ਮੁਕੱਰਰ ਅਥਾਰਟੀ ਦੇ ਕੁੱਝ ਹੁਕਮਾਂ ਵਿਰੁੱਧ ਅਪੀਲਾਂ।

29. (1) ਮੁਕੱਰਰ ਅਥਾਰਟੀ ਦੇ ਮਾਲ-ਗੁਦਾਮ-ਪ੍ਰਬੰਧਕ ਦੇ ਬਾਰੇ ਵਿੱਚ ਲਸੰਸ ਜਾਰੀ ਕਰਨ ਜਾਂ ਨਵਿਆਉਣ ਤੋਂ ਇਨਕਾਰ ਕਰਨ ਵਾਲੇ ਜਾਂ ਅਜਿਹਾ ਕੋਈ ਲਸੰਸ ਮੁਅੱਤਲ, ਪਰਤਾਉਣ ਜਾਂ ਰੱਦ ਕਰਨ ਵਾਲੇ ਕਿਸੇ ਹੁਕਮ ਵਿਰੁੱਧ, ਅਜਿਹੀ ਅਥਾਰਟੀ ਨੂੰ ਅਤੇ ਅਜਿਹੇ ਸਮੇਂ ਦੇ ਅੰਦਰ ਜੋ ਮੁਕੱਰਰ ਕੀਤਾ ਜਾਵੇ, ਅਪੀਲ ਕੀਤੀ ਜਾਵੇਗੀ।

(2) ਅਜਿਹੀ ਅਪੀਲ ਤੇ ਅਜਿਹੀ ਅਪੀਲੀ ਅਥਾਰਟੀ ਦਾ ਫ਼ੈਸਲਾ ਅੰਤਮ ਹੋਵੇਗਾ।

ਲਸੰਸ ਮੁਅੱਤਲੀ ਜਾਂ ਮਨਸੂਖੀ ਲਈ ਕੋਈ ਮੁਆਵਜ਼ਾ ਨ ਹੋਣਾ।

30. ਜਿੱਥੇ ਇਸ ਐਕਟ ਅਧੀਨ ਕੋਈ ਲਸੰਸ ਮੁਅੱਤਲ, ਪਰਤਾਇਆ ਜਾਂ ਰੱਦ ਕੀਤਾ ਜਾਂਦਾ ਹੈ, ਉੱਥੇ ਲਸੰਸਧਾਰੀ ਇਸ ਲਈ ਕਿਸੇ ਮੁਆਵਜ਼ੇ ਦਾ ਹੱਕਦਾਰ ਨਹੀਂ ਹੋਵੇਗਾ, ਅਤੇ ਨ ਹੀ ਲਸੰਸ ਲਈ ਉਸ ਦੁਆਰਾ ਅਦਾ ਕੀਤੀ ਗਈ ਕਿਸੇ ਫ਼ੀਸ ਦੇ ਰਿਫ਼ੰਡ ਦਾ ਹੱਕਦਾਰ ਹੋਵੇਗਾ।

ਐਕਟ ਦੇ ਅਸੰਗਤ ਹੋਣ ਵਾਲੇ ਮੁਆਇਦਿਆਂ ਅਤੇ ਇਕਰਾਰਨਾਮਿਆਂ ਦਾ ਸੁੰਨ ਹੋਣਾ।

31. ਹਰੇਕ ਮੁਆਇਦਾ ਜਾਂ ਇਕਰਾਰਨਾਮਾ ਜੋ ਇਸ ਐਕਟ ਦੇ ਉਪਬੰਧਾਂ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਨਾਲ ਅਸੰਗਤ ਹੈ, ਅਜਿਹੀ ਅਸੰਗਤਤਾ ਦੀ ਹੱਦ ਤੱਕ, ਸੁੰਨ ਹੋਵੇਗਾ।

ਦੰਡ ਅਤੇ ਜ਼ਾਬਤਾ।

32. (1) ਜੋ ਕੋਈ ਵੀ-

(ੳ) ਇਸ ਐਕਟ ਅਧੀਨ ਲਸੰਸ ਪ੍ਰਾਪਤ ਕੀਤੇ ਬਿਨਾਂ ਲਸੰਸੀ ਮਾਲ-ਗੁਦਾਮ-ਪ੍ਰਬੰਧਕ ਵਜੋਂ ਕਾਰਜ ਕਰਦਾ ਹੈ ਜਾਂ ਆਪਣੇ ਆਪ ਨੂੰ ਅਜਿਹੇ ਤੌਰ ਤੇ ਦਰਸਾਉਂਦਾ ਹੈ; ਜਾਂ

(ਅ) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧਾਂ ਜਾਂ ਲੋੜਾਂ ਦੀ ਉਲੰਘਣਾ ਕਰਦਾ ਹੈ ਜਾਂ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਉਹ ਅਉਧ ਲਈ ਜੋ ਇੱਕ ਸਾਲ ਤੱਕ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਇੱਕ ਹਜਾਰ ਰੁਪਏ ਤੱਕ ਹੋ ਸਕੇਗਾ ਜਾਂ ਦੋਵਾਂ ਨਾਲ ਦੰਡ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

(2) ਜਿੱਥੇ ਉਪ-ਧਾਰਾ (1) ਅਧੀਨ ਅਪਰਾਧ ਕਰਨ ਵਾਲਾ ਵਿਅਕਤੀ ਇੱਕ ਕੰਪਨੀ ਜਾਂ ਇੱਕ ਸਭਾ ਜਾਂ ਵਿਅਕਤੀਆਂ ਦੀ ਇੱਕ ਬੌਡੀ ਹੈ, ਭਾਵੇਂ ਉਹ ਨਿਗਮਤ ਹੋਵੇ ਜਾਂ ਨ ਹੋਵੇ, ਤਾਂ ਅਜਿਹੀ ਕੰਪਨੀ, ਸਭਾ ਜਾਂ ਬੌਡੀ ਦੇ ਮਾਮਲਿਆਂ ਦਾ ਪ੍ਰਬੰਧ ਕਰਨਾ ਵਾਲਾ ਮੈਨੇਜਰ, ਸਕੱਤਰ, ਏਜੰਟ ਜਾਂ ਕੋਈ ਹੋਰ ਮੁੱਖ ਅਧਿਕਾਰੀ ਅਜਿਹੇ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ।

33. ਮੁਕੱਰਰ ਅਥਾਰਟੀ, ਮਾਲ-ਗੁਦਾਮ-ਪ੍ਰਬੰਧਕ ਦੀ ਸਕਿਉਰਿਟੀ ਜ਼ਬਤ ਕਰਨ ਦੀ ਹੱਕਦਾਰ ਹੋਵੇਗੀ, ਜੇ ਮਾਲ-ਗੁਦਾਮ-ਪ੍ਰਬੰਧਕ ਐਕਟ ਦੀ ਧਾਰਾ 10 ਅਤੇ 16 ਅਧੀਨ ਉਪਬੰਧਤ ਕੀਤੇ ਗਏ ਵਾਜਬ ਸਮੇਂ ਦੇ ਅੰਦਰ ਜਮ੍ਹਾਂ ਮਾਲ ਵਾਪਸ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਅਤੇ ਜ਼ਬਤ ਕੀਤੀ ਗਈ ਸਕਿਉਰਿਟੀ ਦੀ ਵਰਤੋਂ ਮਾਲ-ਗੁਦਾਮ-ਪ੍ਰਬੰਧਕ ਦੀ ਅਜਿਹੀ ਅਸਫ਼ਲਤਾ ਕਾਰਨ ਜਮ੍ਹਾਂਕਰਤਾ ਨੂੰ ਹੋਏ ਨੁਕਸਾਨ ਜਾਂ ਹਾਨ ਦੇ ਪੂਰਨ ਜਾਂ ਅੰਸ਼ਕ ਅਦਾਇਗੀ ਲਈ ਕੀਤੀ ਜਾ ਸਕੇਗੀ।

34. (1) ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ-

(ੳ) ਉਹ ਮਾਮਲੇ ਜੋ ਇਸ ਐਕਟ ਦੁਆਰਾ ਸਪੱਸ਼ਟ ਤੌਰ ਤੇ ਲੋੜੀਂਦੇ ਜਾਂ ਮੁਕੱਰਰ ਕੀਤੇ ਜਾਣ ਦੀ ਇਜਾਜ਼ਤ ਦਿੱਤੇ ਗਏ ਹਨ;

(ਅ) ਮਾਲ-ਗੁਦਾਮ-ਪ੍ਰਬੰਧਕ ਨੂੰ ਦਿੱਤੇ ਗਏ ਲਸੰਸ ਦਾ ਰੂਪ;

(ਇ) ਮਾਲ-ਗੁਦਾਮ-ਪ੍ਰਬੰਧਕਾਂ ਨੂੰ ਲਸੰਸ ਦੇਣ, ਮੁਅੱਤਲੀ, ਪਰਤਾਉਣ ਜਾਂ ਰੱਦ ਕਰਨ ਅਤੇ ਮਾਲ-ਗੁਦਾਮ-ਪ੍ਰਬੰਧਕਾਂ ਅਤੇ ਲਸੰਸੀ ਮਾਲ-ਗੁਦਾਮਾਂ ਦੀਆਂ ਸੰਚਿਤ ਸੂਚੀਆਂ ਦਾ ਪ੍ਰਕਾਸ਼ਨ;

(ਸ) ਮਾਲ-ਗੁਦਾਮ-ਪ੍ਰਬੰਧਕਾਂ ਦੁਆਰਾ ਉਨ੍ਹਾਂ ਦੀਆਂ ਸੇਵਾਵਾਂ ਲਈ ਲਗਾਏ ਜਾਣ ਵਾਲੇ ਖਰਚੇ;

(ਹ) ਮਾਲ-ਗੁਦਾਮ-ਪ੍ਰਬੰਧਕਾਂ ਦੁਆਰਾ ਕਾਇਮ ਰੱਖੀਆਂ ਜਾਣ ਵਾਲੀਆਂ ਵਹੀਆਂ, ਲੇਖੇ ਅਤੇ ਰਿਕਾਰਡ;

(ਕ) ਲਸੰਸੀ ਮਾਲ-ਗੁਦਾਮਾਂ ਵਿੱਚ ਖਰਾਬ ਹੋ ਰਹੇ ਜਾਂ ਖਰਾਬ ਹੋਣ ਵਾਲੇ ਮਾਲ ਦੀ ਵਿਕਰੀ ਲਈ ਆਮ ਨਿਲਾਮੀਆਂ ਦਾ ਸੰਚਾਲਨ ਅਤੇ ਉਹ ਤਰੀਕਾ ਜਿਸ ਅਨੁਸਾਰ ਅਜਿਹੀ ਵਿਕਰੀ ਦੀਆਂ ਵੱਟਕਾਂ ਦਾ ਲੇਖਾ-ਜੋਖਾ ਦਿੱਤਾ ਜਾਵੇਗਾ;

(ਖ) ਮਾਲ ਦੇ ਭਾਰ ਜਾਂ ਮਾਤਰਾ ਵਿੱਚ ਹੋਣ ਵਾਲੇ ਹਾਨ ਅਤੇ ਲਾਭ ਦੇ ਪੈਮਾਨੇ, ਜੋ ਇੱਕ ਮਾਮਲੇ ਵਿੱਚ ਸੁੰਗੜਨ ਜਾਂ ਸੁੱਕਣ ਕਾਰਨ ਅਤੇ ਦੂਜੇ ਮਾਮਲੇ ਵਿੱਚ ਨਮੀ ਦੇ ਸੋਕਣ ਕਾਰਨ ਮਾਲ ਦੁਆਰਾ ਉਠਾਇਆ ਜਾਵੇ;

(ਗ) ਲਸੰਸੀ ਮਾਲ-ਗੁਦਾਮਾਂ ਨੂੰ ਕੀਟਾਣੂ-ਰਹਿਤ ਕਰਨਾ ਅਤੇ ਉਨ੍ਹਾਂ ਵਿੱਚ ਸਟੋਰ ਕੀਤੇ ਮਾਲ ਨੂੰ ਕੀਟਾਣੂ ਰਹਿਤ ਕਰਨਾ;

(ਘ) ਉਹ ਹਾਲਾਤ ਜਿਨ੍ਹਾਂ ਵਿੱਚ ਇੱਕ ਮਾਲ-ਗੁਦਾਮ-ਪ੍ਰਬੰਧਕ ਦੁਆਰਾ ਦਿੱਤੀ ਗਈ ਕੋਈ ਸਕਿਉਰਿਟੀ ਜਾਂ ਬਾਂਡ ਜ਼ਬਤ ਕੀਤਾ ਜਾ ਸਕਦਾ ਹੈ, ਅਤੇ ਉਹ ਤਰੀਕਾ ਜਿਸ ਵਿੱਚ ਅਜਿਹੀ ਜ਼ਬਤੀ ਦੇ ਨਤੀਜੇ ਵਜੋਂ ਦੇਣਯੋਗ ਰਕਮ ਵਸੂਲੀ ਜਾ ਸਕਦੀ ਹੈ;

(ਙ) ਮਾਲ-ਗੁਦਾਮ-ਪ੍ਰਬੰਧਕਾਂ ਦੇ ਕਾਰੋਬਾਰ ਦਾ ਆਮ ਤੌਰ ਤੇ ਕੁਸ਼ਲ ਸੰਚਾਲਨ;

(ਚ) ਭਾਰ ਤੋਲਕਾਂ, ਨਮੂਨੇਕਾਰਾਂ ਜਾਂ ਦਰਜੇਕਾਰਾਂ ਵਜੋਂ ਲਸੰਸ ਲੈਣ ਲਈ ਅਰਜ਼ੀ ਦੇਣ ਵਾਲੇ ਵਿਅਕਤੀਆਂ ਦੁਆਰਾ ਰੱਖੀਆਂ ਜਾਣ ਵਾਲੀਆਂ ਯੋਗਤਾਵਾਂ; ਉਨ੍ਹਾਂ ਦੇ ਲਸੰਸਾਂ ਵਿੱਚ ਅੰਕਤ ਕੀਤੀਆਂ ਜਾਣ ਵਾਲੀਆਂ ਸ਼ਰਤਾਂ; ਉਨ੍ਹਾਂ ਦੁਆਰਾ ਜਾਰੀ ਕੀਤੇ ਜਾਣ ਵਾਲੇ ਪ੍ਰਮਾਣ-ਪੱਤਰ ਦਾ ਰੂਪ ਅਤੇ ਉਹ ਆਧਾਰ ਜਿਨ੍ਹਾਂ ਕਰਕੇ ਲਸੰਸ ਮੁਅੱਤਲ ਜਾਂ ਰੱਦ ਕੀਤੇ ਜਾ ਸਕਦੇ ਹਨ;

(ਛ) ਲਸੰਸੀ ਮਾਲ-ਗੁਦਾਮਾਂ ਵਿੱਚ ਵਰਤੇ ਜਾਣ ਵਾਲੇ ਮਾਲ ਦੇ ਮਿਆਰੀ ਭਾਰ, ਮਾਪ ਅਤੇ ਦਰਜਾਬੰਦੀ;

(ਜ) ਉਹ ਅਥਾਰਟੀ ਜਿਸ ਨੂੰ ਅਤੇ ਉਹ ਸਮਾਂ ਜਿਸ ਅੰਦਰ ਧਾਰਾ 29 ਅਧੀਨ ਅਪੀਲ ਕੀਤੀ ਜਾਣੀ ਚਾਹੀਦੀ ਹੈ:

(ਝ) ਇਸ ਐਕਟ ਅਧੀਨ ਨੋਟਿਸ ਦੇਣ ਦਾ ਤਰੀਕਾ।

(3) ਇਸ ਧਾਰਾ ਅਧੀਨ ਨਿਯਮ ਬਣਾਉਣ ਦੀ ਸ਼ਕਤੀ ਪੂਰਵ ਪ੍ਰਕਾਸ਼ਨ ਦੀਆਂ ਸ਼ਰਤਾਂ ਦੇ ਤਾਬੇ ਹੋਵੇਗੀ ਅਤੇ ਨਿਯਮ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ ਰਾਜ ਵਿਧਾਨ ਮੰਡਲ ਦੇ ਅੱਗੇ ਰੱਖੇ ਜਾਣਗੇ;

## ਅਨੁਸੂਚੀ

[ਦੇਖੋ ਧਾਰਾ 2(ਏ)]

ਮਾਲ ਜਿਨ੍ਹਾਂ ਤੇ ਇਹ ਐਕਟ ਲਾਗੂ ਹੋਵੇਗਾ-

| | | | |
|---|---|---|---|
| ਕਣਕ | ਮੂੰਗ (ਸਾਬਤ) | ਸਰ੍ਹੋਂ | ਅਖਰੋਟ |
| ਮੱਕੀ | ਮੂੰਗ ਧੋਤੀ (ਛਿਲਕਾ ਰਹਿਤ) | ਤੋਰੀਆ | ਕੱਚੇ ਕਾਜੂ |
| ਛੋਲੇ | ਮੂੰਗ ਧੋਤੀ (ਛਿਲਕੇ ਵਾਲੀ ਦਾਲ) | ਤਿਲ | ਮੂੰਗਫ਼ਲੀ (ਫਲੀਆਂ ਅਤੇ ਦਾਣੇ) |
| ਜੌਂ | ਦਲੀਆ | ਅਲਸੀ ਦੇ ਬੀਜ | ਸੇਂਜੀ |
| ਜਵੀ | ਮੋਠ (ਸਾਬਤ) | ਕਪਾਹ ਦੇ ਬੀਜ | ਮੇਥਾ |

| | | | |
|---|---|---|---|
| ਚੌਲ | ਮੋਠ ਧੋਤੇ (ਛਿਲਕਾ ਰਹਿਤ) | ਅਰਿੰਡ ਦੇ ਬੀਜ | ਬਰਸੀਨ |
| ਬਾਜਰੇ ਦਾ ਆਟਾ | ਮਸਰ (ਸਾਬਤ) | ਨਾਈਜਰ ਬੀਜ | ਚਟਾਲਾ |
| ਬੰਗਾਲੀ ਛੋਲੇ | ਮਸਰ ਧੋਤੇ (ਛਿਲਕਾ ਰਹਿਤ) | ਸੂਰਜਮੁਖੀ | ਚਰੀ |
| ਅਰਹਰ | ਕੁੱਲਥ | ਖੋਪਾ (ਗੋਲਾ ਅਤੇ ਕੱਪ) | ਗੁਆਰਾ |
| ਜਵਾਰ | ਮਟਰ | ਤੋਰੀਆ | ਪਾਲ ਫਾਈਬਰ |
| ਧਾਨ | ਫਲੀਆਂ | ਤਾਰਾਮੀਰਾ | ਪਟਸਨ |
| ਸੋਰਗਮ | ਅਰਹਰ/ਤੂਰ (ਸਾਬਤ) | ਕਸੁੰਭੇ ਦੇ ਬੀਜ | ਨਾਰੀਅਲ ਦੇ ਰੇਸ਼ੇ ਅਤੇ ਉਤਪਾਦ |
| ਬਾਜਰਾ | ਅਰਹਰ/ਤੂਰ (ਛਿਲਕਾ ਰਹਿਤ) | ਅਲਸੀ | ਉੱਨ |
| ਕਣਕ ਦਾ ਆਟਾ | ਦਾਲ | ਮਹੂਆ ਦੇ ਬੀਜ | ਖਲ਼ |
| ਰਾਗੀ | ਬੇਸਣ | ਸਾਲ ਦੇ ਬੀਜ | ਅਮੋਨੀਅਮ ਸਲਫੇਟ |
| ਸੋਇਆਬੀਨ | ਮਸਰ | ਅੰਬਾੜੀ | ਕੈਲਸ਼ੀਅਮ ਅਮੋਨੀਅਮ ਨਾਈਟਰੇਟ |
| ਬਾਜਰਾ | ਸਾਬਤ ਦਾਲਾਂ ਅਤੇ ਟੁੱਟੀਆਂ ਦਾਲਾਂ | ਕਰੰਜੀ | ਨਾਈਟਰੋ ਫਾਸਫੇਟ |
| ਕੁਲੱਥੀ | ਚੱਕੀ ਦੀਆਂ ਪੀਸੀਆਂ ਹੋਈਆਂ ਦਾਲਾਂ | ਕੱਚੇ ਪੀਸੇ ਅਤਿ ਬਰੀਕ/ ਬਰੀਕ ਚੌਲ | ਆਮ ਕੱਚਾ ਪੀਸਿਆ ਹੋਇਆ (ਮੋਟਾ ਚੌਲ) |
| ਕਾਲੇ ਛੋਲੇ (ਆਟਾ) | ਉੜਦ ਸਾਬਤ (ਕਾਲੇ ਛੋਲੇ) | ਕੱਚੇ ਦਰਮਿਆਨੇ ਪੀਸੇ ਚੌਲ | ਅਮੋਨੀਅਮ ਫਾਸਫੇਟ |
| ਕਾਲੇ ਛੋਲੇ (ਛਿਲਕਾ) | ਉੜਦ ਟੁੱਟੇ (ਛਿਲਕੇ ਵਾਲੇ) | ਸੁਪਰ ਫਾਸਫੇਟ | ਹਾਈਪਰ ਫਾਸਫੇਟ |
| ਕਾਲੇ ਛੋਲੇ (ਟੋਟਾ) | ਉੜਦ ਟੁੱਟੇ (ਛਿਲਕੇ ਬਿਨਾਂ) | ਅਧ-ਉਬਲਿਆ ਪੀਸਿਆ ਅਤਿ ਬਰੀਕ/ ਬਰੀਕ ਚੌਲ | ਖਾਦ ਮਿਸ਼ਰਣ |

| | | | |
|---|---|---|---|
| ਸੀਬੀਐਮ (ਮਿਸ਼ਰਤ) | ਕਾਬੁਲੀ ਛੋਲੇ | ਅਧ-ਉਬਾਲੇ ਦਰਮਿਆਨੇ ਪੀਸੇ ਚੌਲ | ਅਮੋਨੀਅਮ ਕਲੋਰਾਈਡ |
| ਚੌਲਾਂ ਦਾ ਬੂਰਾ | ਸਾਬਤ ਛੋਲੇ (ਬੰਗਾਲੀ ਛੋਲੇ) | ਅਧ-ਉਬਾਲੇ ਆਮ (ਮੋਟੀਕਣੀ ਵਾਲੇ ਚੌਲ) | ਹੱਡੀ ਦਾ ਬੂਰਾ |
| ਕਣਕ ਦਾ ਬੂਰਾ | ਚਨਾ ਟੋਟਾ (ਛਿਲਕੇ ਸਮੇਤ) ਚਨਾ ਦਾਲ | ਬਰੀਕ ਟੁੱਟੇ ਚੌਲ | ਮੂੰਗਫਲੀ ਦਾ ਤੇਲ |
| ਸੂਜੀ | ਰਾਜਮਾਹ | ਆਮ ਟੁੱਟੇ ਚੌਲ | ਅਰੰਡੀ ਦਾ ਤੇਲ |
| ਮੈਦਾ | ਲੋਬੀਆ | ਪਾਣੀ ਤੋਂ ਪੈਦਾ ਹੋਇਆ ਬਨਸਪਤੀ ਤੇਲ (ਬਨਸਪਤੀ ਘੀ) | |
| ਵੇਲੀ ਹੋਈ ਕਣਕ | ਪੀਲੇ ਮਟਰ (ਸਾਬਤ) | | |
| ਆਲੂ | ਹਲਦੀ | | |
| ਟਮਾਟਰ | ਧਨੀਆ | | |
| ਮਿਰਚਾਂ | ਅਦਰਕ | ਖੁੰਬਣਯੋਗ ਪਾਮ ਪੱਤਾ ਤੇਲ | ਕਾਲੀ ਮਿਰਚ |
| ਸੀਏ ਸਟੋਰ ਵਿੱਚ ਸੇਬ | ਖਾਸੀ/ ਦਾਰਜੀਲਿੰਗ/ ਉੱਤਰ-ਪੂਰਬ ਸੰਤਰੇ | ਅਜਵਾਇਨ ਦੇ ਬੀਜ (ਸਾਬਤ ਅਤੇ ਪਿਸੇ ਹੋਏ) | ਧੁੱਪ ਵਿੱਚ ਸੁਕਾਈਆਂ ਕੱਚੇ ਅੰਬ ਦੀਆਂ ਫਾਕਾਂ ਅਤੇ ਪਾਊਡਰ |
| ਗਾਜਰਾਂ | ਮੇਥੀ | ਮੱਕੀ ਦਾ ਤੇਲ | ਨਾਰੀਅਲ ਦਾ ਤੇਲ |
| ਨਾਗਪੁਰ ਮੰਡਰਿਨ | ਜ਼ੀਰਾ | ਮਹੂਆ ਦਾ ਤੇਲ | ਅੰਗੂਰ |
| ਕਿੰਨੂ | ਸੌਂਫ | ਨਿੰਬੂ ਘਾਹ ਤੇਲ | ਬਦਾਮ |
| ਮਿੱਠਾ ਨਿੰਬੂ | ਇਲਾਇਚੀ | ਖੱਸ ਦਾ ਤੇਲ | ਕਿਸਮਿਸ |
| ਨਿੰਬੂ | ਅਜਮੂਦ | ਮਾਰੋਤੀ ਤੇਲ (ਚੌਲ ਮੂਗਰਾ) | ਪਿਆਜ਼ (ਤਾਜ਼ਾ ਜਾਂ ਸੁਕਾਇਆ ਹੋਇਆ) |
| ਅਨਾਰ | ਸੌਂਫ | ਅਦਰਕ (ਤਾਜ਼ਾ ਜਾਂ ਸੁਕਾਇਆ ਹੋਇਆ) | ਲਸਣ (ਤਾਜ਼ਾ ਜਾਂ ਸੁਕਾਇਆ ਹੋਇਆ) |

| | | | |
|---|---|---|---|
| ਲਾਲ ਮਿਰਚਾਂ | ਜਾਵਿੱਤਰੀ | ਦੇਸੀ ਘਿਓ | ਸੁੱਕੀਆਂ ਖਾਣਯੋਗ ਖੁੰਬਾਂ |
| ਧਨੀਆ (ਸੁੱਕਾ) | ਲੌਂਗ | ਸੋਇਆਬੀਨ ਸਲਾਦ ਤੇਲ | ਕੜ੍ਹੀ ਪਾਊਡਰ |
| ਦਾਲਚੀਨੀ | ਮਿਸ਼ਰਤ ਮਸਾਲਾ ਪਾਊਡਰ | ਸਰ੍ਹੋਂ ਦਾ ਤੇਲ | ਕੇਸਰ |
| ਖਜੂਰ | ਮਿਸ਼ਰਿਤ ਹਿੰਗ | ਤਿਲਾਂ ਦਾ ਤੇਲ | ਤੇਜਪੱਤਾ |
| ਬੀਜ ਬਲਬ | ਜਾਇਫ਼ਲ | ਅਲਸੀ ਦਾ ਤੇਲ | ਖ਼ਸਖ਼ਸ |
| ਹਲਦੀ | ਬਾਗਬਾਨੀ ਮੂਲ ਦੇ ਬਰਫ਼ ਨਾਲ ਜਮਾਏ ਹੋਏ ਪ੍ਰੋਸੈਸ ਕੀਤੇ ਭੋਜਨ ਪਦਾਰਥ ਜਿਸ ਵਿੱਚ IQF ਜਾਂ ਬਲਾਸਟ ਜਮਾਊ ਸ਼ਾਮਲ ਹਨ | ਨਾਈਜਰ ਬੀਜ ਦਾ ਤੇਲ | ਅਜਵਾਇਣ |
| ਇਮਲੀ | | ਕੁਸੁਮ ਬੀਜ ਦਾ ਤੇਲ | ਰਾਜਗਿਰਾ (ਰਾਮਚਨਾ) |
| ਚੌਲਾਂ ਦਾ ਬੂਰੇ ਦਾ ਤੇਲ | | ਕਪਾਹ ਦੇ ਬੀਜ ਦਾ ਤੇਲ | ਸਾਲਸੀਡ ਤੇਲ (ਚਰਬੀ) |
| ਸੂਰਜਮੁਖੀ ਬੀਜ ਦਾ ਤੇਲ | ਸੋਇਆਬੀਨ ਤੇਲ | ਸਲਾਦ ਤੇਲ | ਵੈਜੀਟੇਬਲ ਤੇਲ (ਰਿਫਾਇੰਡ) |
| ਚਰਾ (ਚੌਲ ਬਣਾਉਣ ਦੀ ਤਿਆਰੀ) | ਇਮਲੀ (ਬੀਜ ਨਾਲ ਬਿਨਾਂ ਬੀਜ) | ਕੱਪੜਾ ਮਸ਼ੀਨਰੀ ਜਿਸ ਵਿੱਚ ਕੱਪੜੇ ਦਾ ਸਹਾਇਕ ਸਮਾਨ ਸ਼ਾਮਲ ਹੈ | ਦਵਾਈਆਂ ਅਤੇ ਫਾਰਮਾਸਿਊਟੀਕਲ |
| ਗੁੜ | ਚਮੜਾ | | ਅਮਚੂਰ |
| ਸ਼ੱਕਰ | ਲੋਹਾ ਅਤੇ ਸਟੀਲ | ਅੱਗ ਸਹਿਣਸ਼ੀਲ ਇੱਟਾਂ | ਮਿਰਚਾਂ |
| ਸਿੰਥੈਟਿਕ ਰੇਸਿਨ ਅਤੇ ਪਲਾਸਟਿਕ | ਕਪਾਹ ਦੀਆਂ ਗੰਢਾਂ | ਕਾਲੀ ਮਿਰਚ | ਭਾਰੀ ਅਕਰਸ਼ਿਕ ਰਸਾਇਣ |
| ਪੋਹਾ | ਜੂਟ ਦੀਆਂ ਗੰਢਾਂ | ਜੂਟ ਮਸ਼ੀਨਰੀ | ਭਾਰੀ ਕਾਰਬਨਿਕ ਰਸਾਇਣ |
| ਮੱਖਣ ਤੇਲ | ਕਾਜੂ | ਰੇਅਨ ਮਸ਼ੀਨਰੀ | ਫੋਟੋਗ੍ਰਾਫ਼ਿਕ ਰਸਾਇਣਾਂ ਸਮੇਤ ਸੁੱਧ ਰਸਾਇਣ |
| ਚਾਹ | ਗੁਆਰ ਗੂੰਦ | ਚਾਹ ਮਸ਼ੀਨਰੀ | |

| | | | |
|---|---|---|---|
| ਕੌਫ਼ੀ ਅਤੇ ਕੌਫ਼ੀ ਦੇ ਬੀਜ | ਈਸਬਗੋਲ | ਮਾਈਨਿੰਗ ਮਸ਼ੀਨਰੀ | ਸਣ |
| ਰਬੜ | ਮਖਾਣਾ | ਧਾਤੂ ਵਿਗਿਆਨ ਮਸ਼ੀਨਰੀ | ਪੇਂਟ, ਵਰਨਿਸ਼ ਅਤੇ ਸ਼ਿੰਗਾਰ-ਸਮੱਗਰੀ |
| ਸੁਪਾਰੀ | ਮਖਾਣਾ ਪਾਊਡਰ | ਸੀਮਿੰਟ ਮਸ਼ੀਨਰੀ | ਸਿੰਥੈਟਿਕ ਰਬੜ |
| ਨਾਰੀਅਲ | ਤਲੇ ਹੋਏ ਮਖਾਣੇ | ਕੈਮੀਕਲ ਮਸ਼ੀਨਰੀ | ਮਨੁੱਖ ਦੁਆਰਾ ਬਣਾਏ ਫਾਈਬਰ |
| ਜੰਗਲੀ ਉਤਪਾਦ | ਗੁਆਰ ਬੀਜ | ਦਵਾਈਆਂ ਮਸ਼ਨਰੀ | ਕੋਕ ਓਵਨ ਦੇ ਉਪ ਉਤਪਾਦ |
| ਖੇਤੀਬਾੜੀ ਦੇ ਸੰਦ | ਦੇਸੀ ਚਨਾ | ਪੇਪਰ ਮਸ਼ੀਨਰੀ | ਕੋਲਾ ਤਾਰ ਡਿਸਟਿਲੇਸ਼ਨ ਉਤਪਾਦ |
| ਰੀਠਾ | ਭਾਰਤੀ ਖੰਡ | ਲੋਹਾ ਅਤੇ ਸਟੀਲ (ਸੰਰਚਨਾਤਮਕ) | ਕੱਪੜਾ ਸਹਾਇਕ ਸਮੱਗਰੀ |
| ਤੰਬਾਕੂ | ਕੱਚੀ ਕਪਾਹ | ਕੀਟਨਾਸ਼ਕ ਉੱਲੀਨਾਸ਼ਕ ਅਤੇ ਨਦੀਨਨਾਸ਼ਕ | ਆਕਾਰੀ ਸਮੱਗਰੀ ਜਿਸ ਵਿੱਚ ਸਟਾਰਚ ਸ਼ਾਮਲ ਹੈ |
| ਲੋਹੇ ਅਤੇ ਸਟੀਲ ਦੇ ਹੋਰ ਉਤਪਾਦ | ਰੂੰ ਦੇ ਬੀਜਾਂ ਦੇ ਤੇਲ ਦੀ ਖਲ਼ | | ਫੁਟਕਲ ਰਸਾਇਣ |
| ਦੁੱਧ ਦਾ ਪਾਊਡਰ | ਸੁੱਧ ਨਿਖਾਰਿਆ ਅਤੇ ਦੁਰਗੰਧ-ਨਾਸੀ ਕੀਤਾ ਪਾਮੋਲੀਨ | ਪੋਰਟਲੈਂਡ ਸੀਮਿੰਟ | ਸਾਬਣਾਂ |
| | | ਕੱਪੜੇ | ਪਖ਼ਾਨਾ ਤਿਆਰੀਆਂ |
| | ਸੁੱਧ ਸੋਇਆ ਤੇਲ | ਕਾਗਜ ਅਤੇ ਗੱਦਾ ਜਿਸ ਵਿੱਚ ਕਾਗਜ ਉਤਪਾਦ ਸ਼ਾਮਲ ਹਨ | ਲੋਹਾ ਮਿਸ਼ਰਤ ਧਾਤਾਂ |
| | | ਚਮੜਾ, ਚਮੜੇ ਦਾ ਮਾਲ ਅਤੇ ਪਿੱਕਰਸ | |
| ਮੱਕੀ ਦੇ ਦਾਣਿਆਂ ਦਾ ਭੋਜਨ | ਸੋਇਆ ਭੋਜਨ | ਤੰਬਾਕੂ | ਲੋਹਾ ਅਤੇ ਸਟੀਲ ਪਾਈਪਾਂ |

| | | | |
|---|---|---|---|
| ਸੁਪਾਰੀ | ਮੇਥੇ ਦਾ ਤੇਲ | ਚਾਹ ਦੀ ਪੇਟੀ | ਦੇਸੀ ਖੰਡ ਪਾਊਡਰ |
| ਨੇਹਵਾ ਦੇ ਬੀਜ | ਕੱਚਾ ਤਾੜ ਦਾ ਤੇਲ | ਪੈਨਲ | ਗੈਰ-ਲੋਹਮਈ ਧਾਤ ਅਤੇ ਮਿਸ਼ਰਤ ਧਾਤ |
| ਚੀਓਰੀ ਅਤੇ ਚੀਓਰੀ ਪਾਊਡਰ | ਕਸਾਵਾ | ਡੰਡੇ | ਪਲਾਈਵੁੱਡ |
| ਸਿਆਲ ਕਾਈ | ਟਾਟਾ ਨਮਕ | ਕੱਪੜੇ ਧੋਣ ਵਾਲਾ ਸੋਡਾ | ਮਾਚਿਸ |
| ਲਾਖ | ਖੰਡ | ਸੋਡਾ ਰਾਖ | ਊਰਜਾ ਭੋਜਨ (ਪੰਜੀਰੀ) |
| ਪੈਨਲ | ਫਾਈਬਰ/ ਸੂਤੀ ਧਾਗਾ | ਪੋਲੀਥੀਨ ਦਾਣੇ ਅਤੇ ਸ਼ੀਟ | ਐਕਸ-ਰੇ ਸਾਜ਼-ਸਮਾਨ |
| ਡੰਡੇ | ਪਟਸਨ ਦੀਆਂ ਬੋਰੀਆਂ | ਰੋਜ ਮੈਰੀ ਦੇ ਪੱਤੇ | ਬਿਜਲੀ ਵਾਲੇ ਪੱਖੇ |
| ਮੱਛੀ ਦਾ ਭੋਜਨ | ਦਜਾਤੀ ਬੀਜ | ਤਿਫ਼ਲਾ (ਹਰੜ, ਬਹੇੜਾ, ਔਲਾ) | ਘਰੇਲੂ ਸਮਾਨ ਜਿਵੇਂ ਬਿਜਲੀ ਵਾਲੀਆਂ ਪ੍ਰੈਸਾਂ, ਹੀਟਰ ਅਤੇ ਇਹੋ ਜਿਹੇ ਹੋਰ |
| ਅਰਾਰੋਟ ਪਾਊਡਰ | ਤੁਲਸੀ ਦੇ ਬੀਜ | ਚੂਨੇ ਦਾ ਪੱਥਰ | |
| ਰਬ ਕਲਸੀ | ਪ੍ਰਮਾਣਿਤ ਸੋਇਆਬੀਨ ਬੀਜ | ਪੱਲੀ/ਟਾਟ | ਖੁਸ਼ਕ ਸੈੱਲ |
| ਸਾਬੂਦਾਣਾ | ਪ੍ਰਮਾਣਿਤ ਛੋਲਿਆਂ ਦੇ ਬੀਜ | ਤਰਪਾਲਾਂ | ਬਿਜਲੀ ਵਾਲੀਆਂ ਮੋਟਰਾਂ |
| ਸੀਮਿੰਟ | ਧਾਨ ਦੇ ਬੀਜ | ਖਪਲੀ (ਕਣਕ ਦਾ ਛਿਲਕਾ) | ਪਲਾਸਟਿਕ ਨੂੰ ਢਾਲ ਕੇ ਬਣਿਆ ਮਾਲ |
| ਮੋਟਾ ਅਤੇ ਬਰੀਕ ਕੱਪੜਾ | ਕਣਕ ਦਾ ਬੀਜ | ਵਿਗਿਆਨਕ ਯੰਤਰ | ਹੱਥੀ ਸੰਦ, ਛੋਟੇ ਸੰਦ ਅਤੇ ਇਹੋ ਜਿਹੇ ਹੋਰ |
| ਰੇਸ਼ਮ | ਸੋਡਾ/ਰਾਖ | ਐਸਬੈਸਟ ਸੀਮਿੰਟ | ਗੂੰਦ ਅਤੇ ਜੈਲੇਟਿਨ |

| | | | |
|---|---|---|---|
| ਕੰਬਲ | ਕਸਾਵਾ ਸਟਾਰਚ | ਕੋਲਾ | ਸਫ਼ਾਈ ਦਾ ਸਮਾਨ |
| | | ਲਿਗਨਾਈਟ, ਕੋਕ ਅਤੇ ਉਨ੍ਹਾਂ ਵਿੱਚੋਂ ਨਿਕਲੇ ਪਦਾਰਥ | ਟਾਈਲਾਂ |
| ਕਾਗਜ਼ | ਚਿਕੋਰੀ | | |
| ਖੰਡ ਦੀ ਮਸ਼ੀਨਰੀ | ਇਮਲੀ ਦੇ ਬੀਜ | ਟਾਇਰ ਅਤੇ ਟਿਊਬਾਂ | ਚੀਨੀ ਮਿੱਟੀ ਅਤੇ ਮਿੱਟੀ ਦੇ ਭਾਂਡੇ |
| ਜੀਵ ਰਸਾਇਣਿਕ ਖਾਦ | ਕਦੂੱਕਾ | ਰਬੜ ਬੰਡਲ ਆਰਐਸਐਸ IV | ਉੱਚ ਤਾਪ ਸਹਿਣ ਵਾਲੇ ਪਦਾਰਥ |
| ਫੁਟਕਲ (ਫਰਨੀਚਰ ਘਟਕ, ਫ਼ਿਰਕੀ ਸ਼ਟਲ ਅਤੇ ਇਹੋ ਜਿਹੇ ਹੋਰ)<br>ਵਣਜਕ, ਦਫ਼ਤਰੀ ਅਤੇ ਘਰੇਲੂ ਸਾਜ਼ੋ-ਸਮਾਨ;<br>ੳ. ਟਾਈਪ ਮਸ਼ੀਨ<br>ਅ. ਹਿਸਾਬ ਲਾਉਣ ਵਾਲੀ ਮਸ਼ੀਨ<br>ੲ. ਵਾਯੂ ਅਨੁਕੂਲਤ<br>ਸ. ਫਰਿੱਜ<br>ਹ. ਨਿਰਵਾਯੂ ਕਲੀਨਰ<br>ਕ. ਤੂਫ਼ਾਨੀ ਲਾਲਟੈਣਾ<br>ਖ. ਸਿਲਾਈ ਅਤੇ ਬੁਣਾਈ ਦੀਆਂ ਮਸ਼ੀਨਾਂ | ਸ਼ਕਤੀ ਨਾਲ ਚੱਲਣ ਵਾਲੇ ਪੰਪ ਪਰਸਪਰ ਵਿਕੇਂਦਰੀ ਅਤੇ ਇਹੋ ਜਿਹੀ ਹੋਰ ਮਿੱਟੀ ਚੁੱਕਣ ਵਾਲੀ ਮਸ਼ੀਨਰੀ;<br>ੳ. ਬੁਲਡੋਜ਼ਰ<br>ਅ. ਡੰਪਰ<br>ੲ. ਸਕ੍ਰੈਪਰ<br>ਸ. ਲੋਡਰ<br>ਹ. ਸ਼ਾਵਲ ਦੇ ਬੇਲਚੇ<br>ਕ. ਡਰੈਗ ਲਾਈਨਾਂ<br>ਖ. ਬਾਲਟੀ ਵ੍ਹੀਲ/ਚੱਕਰ ਖੁਦਾਈ<br>ਗ. ਰੋਡ ਰੋਲਰ ਅਤੇ ਇਹੋ ਜਿਹੇ ਹੋਰ | ਰਬੜ ਦਾ ਹੋਰ ਮਾਲ;<br>---<br>ਰੱਖਿਆ ਉਦਯੋਗ; ਸ਼ਸਤਰ ਅਤੇ ਗੋਲਾ ਬਰੂਦ<br>---<br>ਦੂਰ-ਸੰਚਾਰ:<br>ੳ. ਟੈਲੀਫੋਨ<br>ਅ. ਟੈਲੀਗ੍ਰਾਫ਼ ਸਾਜ਼-ਸਮਾਨ<br>ੲ. ਬੇਤਾਰ ਸੰਚਾਰ ਸਾਜ਼-ਸਮਾਨ<br>ਸ. ਰੇਡੀਓ ਪ੍ਰਾਪਕ ਜਿਸ ਵਿੱਚ ਵਿਸਥਾਰਨ ਅਤੇ ਲੋਕ ਸੰਬੋਧਨ ਔਜ਼ਾਰ ਸ਼ਾਮਲ ਹੈ<br>ਹ. ਟੈਲੀਵਿਜ਼ਨ ਸੈੱਟ<br>ਕ. ਟੈਲੀ-ਪ੍ਰਿੰਟਰ | ਸਰਜੀਕਲ ਅਤੇ ਡਾਕਟਰੀ ਉਤਪਾਦ<br>---<br>ਪਿਸਾਈ ਚੱਕਰ ਅਤੇ ਘਸਾਈ ਸਮੱਗਰੀ<br>---<br>ਬਾਲਣ:<br>ੳ) ਖਣਿਜ ਤੇਲ (ਕੱਚਾ ਤੇਲ)<br>ਅ) ਮੋਟਰ ਅਤੇ ਹਵਾਬਾਜ਼ੀ ਸਪਿਰਿਟ<br>ੲ) ਡੀਜ਼ਲ ਤੇਲ<br>ਸ) ਮਿੱਟੀ ਦਾ ਤੇਲ<br>ਹ) ਬਾਲਣ ਤੇਲ<br>ਕ) ਵੱਖ ਵੱਖ ਹਾਈਡਰੋ-ਕਾਰਬਨ ਤੇਲ ਅਤੇ ਉਨ੍ਹਾਂ ਦੇ ਮਿਸ਼ਰਣ ਜਿਸ ਵਿੱਚ ਬਣਾਉਟੀ ਬਾਲਣ ਸ਼ਾਮਲ ਹਨ;<br>ਖ) ਵਾਗਣਾ ਤੇਲ ਅਤੇ ਇਹੋ |

| | | | |
|---|---|---|---|
| | | | ਜਿਹਾ ਹੋਰ<br>_____<br>ਬਿਜਲੀ ਦਾ ਸਾਜ਼-ਸਮਾਨ<br>ੳ. ਬਿਜਲੀ ਦੇ ਲੈਂਪ<br>ਅ. ਬਿਜਲੀ ਦੀਆਂ ਭੱਠੀਆਂ<br>ੲ. ਬਿਜਲੀ ਦੀਆਂ ਕੇਬਲਾਂ ਅਤੇ ਤਾਰਾਂ<br>ਸ. ਬਿਜਲੀ ਦਾ ਸਾਜ਼-ਸਮਾਨ<br>ਹ. ਸਟੋਰੇਜ ਬੈਟਰੀਆਂ<br>ਕ. ਬਿਜਲੀ ਦੀ ਪੈਦਾਵਾਰ, ਸੰਚਾਰ ਅਤੇ ਵੰਡ ਲਈ ਸਾਜ਼-ਸਮਾਨ ਜਿਸ ਵਿੱਚ ਰੂਪਾਂਤਰਕ ਸ਼ਾਮਲ ਹਨ। |
| _____<br>ਕੱਚ:<br>ੳ. ਖੋਖਲੇ ਭਾਂਡੇ<br>ਅ. ਚਾਦਰ ਅਤੇ ਕੱਚ ਦੀ ਪਲੇਟ<br>ੲ. ਐਨਕ ਆਦਿ ਦਾ ਸ਼ੀਸ਼ਾ<br>ਸ. ਕੱਚ ਦੀ ਰੂੰ ਦੇ ਰੇਸ਼ੇ<br>ਹ. ਪ੍ਰਯੋਗਸ਼ਾਲਾ | _____<br>ਫੋਟੋਗ੍ਰਾਫ਼ਿਕਸ ਕੱਚੀ ਫਿਲਮ ਅਤੇ ਪੇਪਰ;<br>ੳ. ਸਿਨੇਮਾ ਫਿਲਮ<br>ਅ. ਸ਼ੌਕੀਨ ਫਿਲਮ ਫੋਟੋਗ੍ਰਾਫ਼ੀ<br>ੲ. ਫੋਟੋ ਛਾਪਣ ਵਾਲਾ ਕਾਗਜ਼<br>_____ | _____<br>ਢੁਆਈ:<br>ੳ. ਏਅਰ ਕ੍ਰਾਫ਼ਟ<br>ਅ.ਆਟੋਮੋਬਾਈਲ (ਮੋਟਰ ਕਾਰਾਂ, ਬੱਸਾਂ, ਟਰੱਕ, ਮੋਟਰ-ਸਾਈਕਲ, ਸਕੂਟਰ ਅਤੇ ਇਹੋ ਜਿਹੇ ਹੋਰ) | |

| | | | |
|---|---|---|---|
| ਦੇ ਭਾਂਡੇ<br>ਕ. ਫੁਟਕਲ ਭਾਂਡੇ<br>_____<br>ਖਮੀਕਰਨ ਕ੍ਰਿਆ ਉਬਾਲ ਉਦਯੋਗ (ਸ਼ਰਾਬ ਅਤੇ ਹੋਰ ਉਤਪਾਦ) | ਸਾਈਕਲ (ਉਨ੍ਹਾਂ ਦੇ ਘਟਕ ਹਿੱਸੇ ਅਤੇ ਸਹਾਇਕ ਸਮਾਨ)<br>_____<br>ਮਸ਼ੀਨੀ ਸੰਦ | _____<br>ਫੁਟਕਲ ਉਦਯੋਗ (ਸਿਗਰਟਾਂ) | |
| ਮਟਨ ਚਰਬੀ | | ਕੁੰਭਕਲਾ ਅਚਾਲਕ | |

ਬੀ.ਬੀ.ਐੱਸ.ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3768/7-2026/Pb. Govt. Press, S.A.S. Nagar*

ਭਾਗ –1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 8 ਜੁਲਾਈ, 2026

**ਨੰ. 51/ਭ:ਕ/2026.–** ਪੰਜਾਬ ਐਡਵੋਕੇਟਸ ਭਲਾਈ ਫ਼ੰਡ ਐਕਟ, 2002 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 8th July, 2026

**No. 51/L.C./2026.-** The Translation in Punjabi of the Punjab Advocates Welfare Fund Act, 2002 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਐਡਵੋਕੇਟਸ ਭਲਾਈ ਫ਼ੰਡ ਐਕਟ, 2002

(2002 ਦਾ ਪੰਜਾਬ ਐਕਟ ਨੰ: 4)

ਪੰਜਾਬ ਰਾਜ ਨਾਲ ਸਬੰਧਤ ਐਡਵੋਕੇਟਾਂ ਦੀ ਭਲਾਈ ਨੂੰ ਪ੍ਰਫੁੱਲਤ ਕਰਨ ਲਈ ਇੱਕ ਫ਼ੰਡ ਦਾ ਗਠਨ ਕਰਨ ਅਤੇ ਉਸ ਦੇ ਉਪਯੋਗ ਲਈ ਉਪਬੰਧ ਕਰਨ ਅਤੇ ਇਸ ਨਾਲ ਸਬੰਧਤ ਜਾਂ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

### ਅਧਿਆਏ I

### ਪ੍ਰਾਰੰਭਿਕ

1. (1) ਇਸ ਐਕਟ ਨੂੰ ਪੰਜਾਬ ਐਡਵੋਕੇਟਸ ਭਲਾਈ ਫ਼ੰਡ ਐਕਟ, 2002 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰਵੇਂ ਨਾ ਲੋੜੇ,– ਪਰਿਭਾਸ਼ਾਵਾਂ।

(ਉ) "ਐਡਵੋਕੇਟ" ਦਾ ਮਤਲਬ ਹੈ ਇੱਕ ਵਿਅਕਤੀ ਜਿਸ ਦਾ ਨਾਂ ਐਡਵੋਕੇਟਸ ਐਕਟ, 1961 ਦੀ ਧਾਰਾ 17 ਅਧੀਨ ਪੰਜਾਬ ਅਤੇ ਹਰਿਆਣਾ ਦੀ ਬਾਰ ਕੌਂਸਲ ਦੁਆਰਾ ਤਿਆਰ ਕੀਤੀ ਅਤੇ ਬਣਾਈ ਗਈ ਐਡਵੋਕੇਟਾਂ ਦੀ ਸੂਚੀ ਵਿੱਚ ਦਰਜ ਕੀਤਾ ਗਿਆ ਹੈ ਅਤੇ ਜੋ

ਇੱਕ ਐਡਵੋਕੇਟ ਵਜੋਂ ਪ੍ਰੈਕਟਿਸ ਕਰ ਰਿਹਾ ਹੈ ਅਤੇ ਬਾਰ ਐਸੋਸੀਏਸ਼ਨ ਦਾ ਮੈਂਬਰ ਹੈ;

(ਅ) "ਬਾਰ ਐਸੋਸੀਏਸ਼ਨ" ਦਾ ਮਤਲਬ ਹੈ ਧਾਰਾ 14 ਅਧੀਨ ਬਾਰ ਕੌਂਸਲ ਦੁਆਰਾ ਮਾਨਤਾ ਪ੍ਰਾਪਤ ਐਡਵੋਕੇਟਾਂ ਦੀ ਸਭਾ;

(ਏ) "ਬਾਰ ਕੌਂਸਲ" ਦਾ ਮਤਲਬ ਹੈ ਐਡਵੋਕੇਟਸ ਐਕਟ, 1961 ਦੀ ਧਾਰਾ 3 ਅਧੀਨ ਗਠਤ ਪੰਜਾਬ, ਹਰਿਆਣਾ ਰਾਜਾਂ ਅਤੇ ਸੰਘ ਰਾਜਖੇਤਰ ਚੰਡੀਗੜ੍ਹ ਲਈ ਬਾਰ ਕੌਂਸਲ;

(ਸ) "ਪ੍ਰੈਕਟਿਸ ਦਾ ਬੰਦ ਹੋਣਾ" ਦਾ ਮਤਲਬ ਹੈ ਬਾਰ ਕੌਂਸਲ ਦੁਆਰਾ ਰੱਖੀ ਜਾਂਦੀ ਐਡਵੋਕਟਾਂ ਦੀ ਸੂਚੀ ਵਿੱਚੋਂ ਕਿਸੇ ਐਡਵੋਕੇਟ ਦਾ ਨਾਂ ਉਸ ਦੀ ਰਿਟਾਇਰਮੈਂਟ ਹੋਣ ਦੇ ਬਾਬਤ ਜਾਂ ਮੌਤ ਜਾਂ ਸਰੀਰਕ ਨਿਰਯੋਗਤਾ ਦੇ ਬਾਬਤ ਜਾਂ ਪੇਸ਼ਾਵਰਾਨਾ ਦੁਰਾਚਾਰ ਦੇ ਆਧਾਰ ਤੇ ਹਟਾਉਣਾ;

(ਹ) "ਅਦਾਲਤ" ਦਾ ਮਤਲਬ ਹੈ ਦੀਵਾਨੀ, ਮਾਲੀਏ, ਫ਼ੌਜਦਾਰੀ, ਕਿਰਤ ਦੀ ਉੱਚ ਅਦਾਲਤ ਜਾਂ ਕੋਈ ਹੋਰ ਅਦਾਲਤ ਜਾਂ ਟ੍ਰਿਬਿਊਨਲ ਜਾਂ ਅਥਾਰਟੀ, ਜਿਸ ਨੂੰ ਕਿਸੇ ਵੀ ਨਾਮ ਨਾਲ ਬੁਲਾਇਆ ਜਾਂਦਾ ਹੈ, ਜੋ ਨਿਆਂਇਕ ਜਾਂ ਅੱਧ-ਨਿਆਂਇਕ ਪ੍ਰਕਿਰਤੀ ਦੀਆਂ ਕਾਰਵਾਈਆਂ ਵਿੱਚ ਕੰਮ ਕਰ ਰਹੀ ਹੋਵੇ;

(ਕ) "ਆਸ਼ਰਿਤ" ਦਾ ਮਤਲਬ ਹੈ ਫ਼ੰਡ ਦੇ ਮੈਂਬਰ ਦੀ ਪਤਨੀ, ਪਤੀ, ਪਿਤਾ, ਮਾਤਾ ਅਤੇ ਅਣਵਿਆਹੇ ਨਾਬਾਲਗ ਬੱਚੇ ਅਤੇ ਇਸ ਵਿੱਚ ਉਸ ਦੀ ਵਿਧਵਾ ਹੋਈ ਧੀ ਅਤੇ ਬਾਲਗ ਬੱਚੇ ਸ਼ਾਮਲ ਹਨ, ਜੋ ਸਰੀਰਕ ਨਿਰਯੋਗਤਾ ਜਾਂ ਸੁਦਾਅ ਤੋਂ ਪੀੜਤ ਹਨ ਅਤੇ ਜਿਨ੍ਹਾਂ ਦਾ ਪਾਲਣ-ਪੋਸ਼ਣ ਉਸ ਦੁਆਰਾ ਕੀਤਾ ਜਾਂਦਾ ਹੈ ਜਾਂ ਉਨ੍ਹਾਂ ਵਿੱਚੋਂ ਅਜਿਹੇ ਜੋ ਉਸ ਦੀ ਮੌਤ ਪਿੱਛੋਂ ਜਿਉਂਦੇ ਰਹਿੰਦੇ ਹਨ;

(ਖ) "ਫ਼ੰਡ" ਦਾ ਮਤਲਬ ਹੈ ਧਾਰਾ 3 ਅਧੀਨ ਗਠਤ ਕੀਤਾ ਗਿਆ ਐਡਵੋਕੇਟਸ ਭਲਾਈ ਫ਼ੰਡ;

(ਗ) "ਫ਼ੰਡ ਦਾ ਮੈਂਬਰ" ਦਾ ਮਤਲਬ ਹੈ ਫ਼ੰਡ ਦੇ ਫ਼ਾਇਦੇ ਵਿੱਚ ਸ਼ਾਮਲ ਕੀਤਾ ਗਿਆ ਇੱਕ ਐਡਵੋਕੇਟ ਅਤੇ ਇਸ ਐਕਟ ਦੇ ਉਪਬੰਧਾਂ ਅਧੀਨ ਇਸ ਦਾ ਮੈਂਬਰ ਬਣਿਆ ਰਹਿੰਦਾ ਹੈ;

(ਘ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਙ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬਾਰ ਕੌਂਸਲ ਦੀ ਪ੍ਰਵਾਨਗੀ ਨਾਲ ਟ੍ਰਸਟੀ ਕਮੇਟੀ ਦੁਆਰਾ ਬਣਾਏ ਗਏ ਵਿਨਿਯਮ;

(ਚ) "ਰਿਟਾਇਰਮੈਂਟ" ਦਾ ਮਤਲਬ ਹੈ ਸੇਵਾ ਵਿੱਚ ਜੁਆਇਨ ਕਰਨ ਜਾਂ ਕੋਈ ਹੋਰ ਲਾਭਕਾਰੀ ਉਪਜੀਵਕਾ ਅਪਣਾਉਣ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਜੋ ਬਾਰ ਕੌਂਸਲ ਨੂੰ ਸੰਸੂਚਿਤ ਕੀਤੇ ਗਏ ਹੋਣ ਅਤੇ ਉਸ ਦੁਆਰਾ ਕਲਮਬੰਦ ਕੀਤੇ ਗਏ ਹੋਣ, ਇੱਕ ਐਡਵੋਕੇਟ ਵਜੋਂ ਪ੍ਰੈਕਟਿਸ ਦਾ ਬੰਦ ਹੋਣਾ;

(ਛ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਜ) "ਸਟੈਂਪ" ਦਾ ਮਤਲਬ ਹੈ ਧਾਰਾ 19 ਅਧੀਨ ਛਾਪੀ ਅਤੇ ਵੰਡੀ ਜਾਂਦੀ ਪੰਜਾਬ ਐਡਵੋਕੇਟਸ ਭਲਾਈ ਫ਼ੰਡ ਸਟੈਂਪ;

(ਝ) "ਰਾਜ" ਦਾ ਮਤਲਬ ਹੈ ਪੰਜਾਬ ਰਾਜ;

(ਞ) "ਪ੍ਰੈਕਟਿਸ ਦੀ ਮੁਅੱਤਲੀ" ਦਾ ਮਤਲਬ ਹੈ ਇੱਕ ਐਡਵੋਕੇਟ ਵਜੋਂ ਪ੍ਰੈਕਟਿਸ ਦੀ ਸਵੈ-ਇੱਛਤ ਮੁਅੱਤਲੀ ਜਾਂ ਪੇਸ਼ੇਵਰ ਜਾਂ ਹੋਰ ਦੁਰਾਚਾਰ ਲਈ ਬਾਰ ਕੌਂਸਲ ਦੁਆਰਾ ਮੁਅੱਤਲੀ;

(ਟ) "ਟ੍ਰਸਟੀ ਕਮੇਟੀ" ਦਾ ਮਤਲਬ ਹੈ ਧਾਰਾ 4 ਅਧੀਨ ਗਠਤ ਕੀਤੀ ਗਈ ਟ੍ਰਸਟੀ ਕਮੇਟੀ; ਅਤੇ

(ਠ) "ਵਕਾਲਤਨਾਮਾ" ਦਾ ਮਤਲਬ ਹੈ ਇੱਕ ਮੁਖਤਾਰਨਾਮਾ, ਹਾਜ਼ਰੀ ਦਾ ਮੈਮੋਰੰਡਮ ਜਾਂ ਕੋਈ ਹੋਰ ਦਸਤਾਵੇਜ਼ ਜਿਸ ਦੁਆਰਾ ਇੱਕ ਐਡਵੋਕੇਟ ਨੂੰ ਕਿਸੇ ਵੀ ਅਦਾਲਤ ਵਿੱਚ ਪੇਸ਼ ਹੋਣ ਜਾਂ ਵਕਾਲਤ ਕਰਨ ਦੀ ਸ਼ਕਤੀ ਪ੍ਰਾਪਤ ਹੈ।

## ਅਧਿਆਏ II

## ਫ਼ੰਡ ਦਾ ਗਠਨ ਅਤੇ ਇਸ ਦਾ ਪ੍ਰਸ਼ਾਸਨ

ਫ਼ੰਡ ਦਾ ਗਠਨ।

3. (1) ਧਾਰਾ 4 ਦੀ ਉਪ-ਧਾਰਾ (1) ਅਧੀਨ ਟ੍ਰਸਟੀ ਕਮੇਟੀ ਦੀ ਸਥਾਪਨਾ ਦੀ ਤਰੀਕ ਤੋਂ, ਪੰਜਾਬ ਐਡਵੋਕੇਟਸ ਭਲਾਈ ਫ਼ੰਡ ਕਹਾਉਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ।

(2) ਫ਼ੰਡ ਵਿੱਚ ਹੇਠ-ਲਿਖੇ ਜਮ੍ਹਾਂ ਕੀਤੇ ਜਾਣਗੇ:-

(ੳ) ਰਾਜ ਸਰਕਾਰ ਦੁਆਰਾ ਇੱਕ ਵਾਰ ਆਧਾਰ ਤੇ ਉਪਲੱਬਧ ਕਰਵਾਈ ਜਾਣ ਵਾਲੀ ਦੋ ਲੱਖ ਰੁਪਏ ਦੀ ਗ੍ਰਾਂਟ;

(ਅ) ਬਾਰ ਕੌਂਸਲ ਦੁਆਰਾ ਪੰਜਾਬ ਅਤੇ ਹਰਿਆਣਾ ਐਡਵੋਕੇਟਸ ਭਲਾਈ ਨਿਯਮਾਂ ਅਧੀਨ ਉਗਰਾਹੇ ਗਏ ਫ਼ੰਡਾਂ ਦਾ ਸੱਠ ਪ੍ਰਤੀਸ਼ਤ ਜੋ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੇ ਉਪਲੱਬਧ ਹਨ;

(ੲ) ਧਾਰਾ 20 ਅਧੀਨ ਉਗਰਾਹੀਆਂ ਸਾਰੀਆਂ ਰਕਮਾਂ;

(ਸ) ਬਾਰ ਕੌਂਸਲ ਦੁਆਰਾ ਦਿੱਤਾ ਗਿਆ ਕੋਈ ਅੰਸ਼ਦਾਨ;

(ਹ) ਭਾਰਤੀ ਬਾਰ ਕੌਂਸਲ, ਕਿਸੇ ਬਾਰ ਐਸੋਸੀਏਸ਼ਨ, ਕਿਸੇ ਹੋਰ ਐਸੋਸੀਏਸ਼ਨ ਜਾਂ ਸੰਸਥਾ, ਕਿਸੇ ਐਡਵੋਕੇਟ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਫ਼ੰਡ ਵਿੱਚ ਕੀਤਾ ਕੋਈ ਵੀ ਸਵੈ-ਇੱਛਤ ਦਾਨ ਜਾਂ ਅੰਸ਼ਦਾਨ;

(ਕ) ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਜਾਂ ਹੋਰ ਅਥਾਰਟੀ ਦੁਆਰਾ ਦਿੱਤੀ ਗਈ ਗ੍ਰਾਂਟ, ਜੇ ਕੋਈ ਹੋਵੇ;

(ਖ) ਧਾਰਾ 10 ਅਧੀਨ ਉਧਾਰ ਲਈ ਗਈ ਕੋਈ ਰਕਮ;

(ਗ) ਫ਼ੰਡ ਦੇ ਮੈਂਬਰਾਂ ਦੇ ਸਮੂਹ ਬੀਮੇ ਪਾਲਿਸੀਆਂ ਦੇ ਬਾਰੇ ਵਿੱਚ ਭਾਰਤੀ ਜੀਵਨ ਬੀਮਾ ਨਿਗਮ ਜਾਂ ਭਾਰਤ ਸਰਕਾਰ ਦੁਆਰਾ ਅਧਿਕਾਰਤ ਕਿਸੇ ਹੋਰ ਕੰਪਨੀ ਜਾਂ ਨਿਗਮ ਤੋਂ ਪ੍ਰਾਪਤ ਕੋਈ ਲਾਭ ਜਾਂ ਲਾਭ-ਅੰਸ਼ ਜਾਂ ਬੀਮਾਕਾਰ ਤੋਂ ਪ੍ਰਾਪਤ ਕੋਈ ਲਾਭ ਜਾਂ ਲਾਭ-ਅੰਸ਼;

(ਘ) ਫ਼ੰਡ ਦੇ ਕਿਸੇ ਹਿੱਸੇ ਦੇ ਕੀਤੇ ਗਏ ਕੋਈ ਨਿਵੇਸ਼ ਤੇ ਕੋਈ ਵਿਆਜ਼ ਜਾਂ ਲਾਭ-ਅੰਸ਼ ਜਾਂ ਹੋਰ ਪ੍ਰਤੀਲਾਭ; ਅਤੇ

(ਙ) ਦਰਖ਼ਾਸਤ ਫ਼ੀਸਾਂ, ਮੈਂਬਰਸ਼ਿਪ ਫ਼ੀਸ ਜਾਂ ਹੋਰ ਚੰਦਾ ਅਤੇ ਇਸ ਤੇ ਵਿਆਜ਼ ਦੇ ਤੌਰ ਤੇ ਧਾਰਾ 16 ਅਧੀਨ ਉਗਰਾਹੀਆਂ ਗਈਆਂ ਸਾਰੀਆਂ ਰਕਮਾਂ।

(3) ਉਪ-ਧਾਰਾ (2) ਵਿੱਚ ਉਲਿਖਤ ਕੀਤੀਆਂ ਗਈਆਂ ਰਕਮਾਂ, ਅਜਿਹੀਆਂ ਏਜੰਸੀਆਂ ਨੂੰ ਜਾਂ ਦੁਆਰਾ, ਅਜਿਹੇ ਵਕਫ਼ੇ ਤੇ ਅਤੇ ਅਜਿਹੇ ਤਰੀਕੇ ਨਾਲ ਅਦਾ ਕੀਤੀਆਂ ਜਾਂ ਉਗਰਾਹੀਆਂ ਜਾਣਗੀਆਂ, ਅਤੇ ਫ਼ੰਡ ਦੇ ਲੇਖੇ ਅਜਿਹੇ ਤਰੀਕੇ ਨਾਲ ਰੱਖੇ ਜਾਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

(4) ਫ਼ੰਡ ਇਸ ਐਕਟ ਦੇ ਉਪਬੰਧਾਂ ਦੇ ਤਾਬੇ ਅਤੇ ਇਸ ਦੇ ਪ੍ਰਯੋਜਨਾਂ ਲਈ ਟ੍ਰਸਟੀ ਕਮੇਟੀ ਵਿੱਚ ਨਿਹਿਤ ਹੋਵੇਗਾ ਅਤੇ ਉਸ ਦੁਆਰਾ ਪ੍ਰਸ਼ਾਸਤ ਕੀਤਾ ਜਾਵੇਗਾ।

## ਅਧਿਆਏ III

## ਟ੍ਰਸਟੀ ਕਮੇਟੀ ਦੀ ਸਥਾਪਨਾ

ਟ੍ਰਸਟੀ ਕਮੇਟੀ ਦੀ ਸਥਾਪਨਾ।

4. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਅਜਿਹੀ ਤਰੀਕ ਤੋਂ, ਜੋ ਉਸ ਵਿੱਚ ਉਲਿਖਤ ਕੀਤੀ ਜਾਵੇ, ਪੰਜਾਬ ਐਡਵੋਕੇਟਸ ਭਲਾਈ ਫ਼ੰਡ ਟ੍ਰਸਟੀ ਕਮੇਟੀ ਕਹਾਉਣ ਵਾਲੀ ਇੱਕ ਟ੍ਰਸਟੀ ਕਮੇਟੀ ਸਥਾਪਤ ਕਰ ਸਕੇਗੀ।

(2) ਟ੍ਰਸਟੀ ਕਮੇਟੀ ਇੱਕ ਨਿਗਮਤ ਬੌਡੀ ਹੋਵੇਗੀ ਜਿਸ ਕੋਲ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ, ਜਿਸ ਕੋਲ ਸੰਪੱਤੀ ਅਰਜਤ

ਕਰਨ, ਧਾਰਨ ਕਰਨ ਅਤੇ ਨਿਬੇੜਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਟ੍ਰਸਟੀ ਕਮੇਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ:-

(ੳ) ਐਡਵੋਕੇਟ ਜਨਰਲ ਅਹੁਦੇ-ਕਾਰਨ ਮੈਂਬਰ ਵਜੋਂ ਚੇਅਰਮੈਨ ਹੋਵੇਗਾ;

(ਅ) ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਦਾ ਚੇਅਰਮੈਨ-- ਅਹੁਦੇ-ਕਾਰਨ ਮੈਂਬਰ;

(ੲ) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਜਾਂ ਉਸ ਦਾ ਨਾਮਜ਼ਦ-- ਅਹੁਦੇ-ਕਾਰਨ ਮੈਂਬਰ;

(ਸ) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਜਾਂ ਉਸ ਦਾ ਨਾਮਜ਼ਦ-- ਅਹੁਦੇ-ਕਾਰਨ ਮੈਂਬਰ;

(ਹ) ਰਾਜ ਸਰਕਾਰ ਦੁਆਰਾ ਐਡਵੋਕੇਟ ਜਨਰਲ, ਪੰਜਾਬ ਨਾਲ ਮਸ਼ਵਰਾ ਕਰਕੇ, ਪੰਜਾਬ ਰਾਜ ਨਾਲ ਸਬੰਧਤ ਬਾਰ ਕੌਂਸਲ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ, ਨਾਮਜ਼ਦ ਕੀਤੇ ਤਿੰਨ ਹੋਰ ਮੈਂਬਰ;

(ਕ) ਟ੍ਰਸਟੀ ਕਮੇਟੀ ਦਾ ਸਕੱਤਰ, ਜਿਸ ਨੂੰ ਟ੍ਰਸਟੀ ਕਮੇਟੀ ਦੇ ਚੇਅਰਮੈਨ ਦੁਆਰਾ ਨਾਮਜ਼ਦ ਕੀਤਾ ਜਾਵੇਗਾ; ਅਤੇ

(ਖ) ਐਡਵੋਕੇਟ ਜਨਰਲ, ਪੰਜਾਬ ਦੁਆਰਾ ਪੰਜਾਬ ਸਰਕਾਰ ਨਾਲ ਮਸ਼ਵਰਾ ਕਰਕੇ ਪੰਜ ਸਾਲਾਂ ਦੀ ਮੁੱਦਤ ਲਈ ਨਾਮਜ਼ਦ ਕੀਤੇ ਜਾਣ ਵਾਲੇ ਪ੍ਰੈਕਟਿਸ ਕਰ ਰਹੇ ਤਿੰਨ ਐਡਵੋਕੇਟ।

(4) ਉਪ-ਧਾਰਾ (3) ਦੇ ਖੰਡ (ਹ) ਅਧੀਨ ਬਾਰ ਕੌਂਸਲ ਵਿੱਚੋਂ ਨਾਮਜ਼ਦ ਕੀਤਾ ਗਿਆ ਮੈਂਬਰ, ਪੰਜ ਸਾਲਾਂ ਦੀ ਅਉਧ ਲਈ ਜਾਂ ਬਾਰ ਕੌਂਸਲ ਵਿੱਚ ਆਪਣੀ ਮੈਂਬਰਸ਼ਿਪ ਦੀ ਅਉਧ ਲਈ, ਜੋ ਵੀ ਘੱਟ ਹੋਵੇ, ਅਹੁਦਾ ਧਾਰਨ ਕਰੇਗਾ।

(5) ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਨਾਲ ਰਜਿਸਟਰਸੁਦਾ ਐਡਵੋਕੇਟਾਂ ਵਿੱਚੋਂ ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਤਿੰਨ ਮੈਂਬਰ।

ਨਾਮਜ਼ਦ ਮੈਂਬਰਾਂ ਦੀ ਨਾ-ਕਾਬਲੀਅਤ ਅਤੇ ਹਟਾਉਣਾ।

5. ਕੋਈ ਵਿਅਕਤੀ ਧਾਰਾ 4 ਦੀ ਉਪ-ਧਾਰਾ (3) ਦੇ ਖੰਡ (ਹ) ਜਾਂ ਉਪ-ਧਾਰਾ (5) ਅਧੀਨ ਟ੍ਰਸਟੀ ਕਮੇਟੀ ਦੇ ਮੈਂਬਰ ਵਜੋਂ ਨਾਮਜ਼ਦ ਨਹੀਂ ਹੋਵੇਗਾ ਅਤੇ ਮੈਂਬਰ ਨਹੀਂ ਰਹੇਗਾ, ਜੇ ਉਹ-

(ੳ) ਵਿਗੜ-ਚਿੱਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ਅ) ਦੀਵਾਲੀਆ ਨਿਆਂ ਨਿਰਣਿਤ ਹੈ, ਜਾਂ ਕਿਸੇ ਵੀ ਸਮੇਂ ਦੀਵਾਲੀਆ ਨਿਆਂ ਨਿਰਣਿਤ ਹੋ ਚੁੱਕਿਆ ਹੈ; ਜਾਂ

(ੲ) ਕਿਸੇ ਫ਼ੌਜਦਾਰੀ ਅਦਾਲਤ ਦੁਆਰਾ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਜਾਂ ਹੋਵੇ, ਜਦੋਂ ਤੱਕ ਕਿ ਅਜਿਹਾ ਸਿੱਧ-ਦੋਸ਼ ਰੱਦ ਨਾ ਕਰ ਦਿੱਤਾ ਗਿਆ ਹੋਵੇ; ਜਾਂ

(ਸ) ਫ਼ੰਡ ਦਾ ਕੋਤਾਹੀਦਾਰ ਹੈ; ਜਾਂ

(ਹ) ਪੇਸ਼ੇਵਰ ਜਾਂ ਹੋਰ ਦੁਰਾਚਾਰ ਦੇ ਆਧਾਰ ਤੇ ਪ੍ਰੈਕਟਿਸ ਕਰਨ ਤੋਂ ਵਰਜਤ ਹੈ; ਜਾਂ

1961 ਦਾ ਕੇਂਦਰੀ ਐਕਟ 25 ।

(ਕ) ਐਡਵੋਕੇਟਸ ਐਕਟ, 1961 ਦੇ ਅਧੀਨ ਐਡਵੋਕੇਟ ਨਾ ਰਿਹਾ ਹੋਵੇ।

ਅਸਤੀਫ਼ਾ ਅਤੇ ਇਤਫਾਕੀਆ ਖ਼ਾਲੀ ਅਸਾਮੀ।

6. (1) ਧਾਰਾ 4 ਦੀ ਉਪ-ਧਾਰਾ (3) ਦੇ ਖੰਡ (ਹ) ਜਾਂ ਉਪ-ਧਾਰਾ (5) ਅਧੀਨ ਬਾਰ ਕੌਂਸਲ ਜਾਂ ਰਾਜ ਸਰਕਾਰ ਦੁਆਰਾ, ਜਿਹੀ ਕਿ ਸੂਰਤ ਹੋਵੇ, ਨਾਮਜ਼ਦ ਕੀਤਾ ਕੋਈ ਮੈਂਬਰ, ਟ੍ਰਸਟੀ ਕਮੇਟੀ ਦੇ ਚੇਅਰਮੈਨ ਨੂੰ ਲਿਖਤੀ ਰੂਪ ਵਿੱਚ ਤਿੰਨ ਮਹੀਨਿਆਂ ਦਾ ਨੋਟਿਸ ਦੇ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ ਅਤੇ ਚੇਅਰਮੈਨ ਦੁਆਰਾ ਅਜਿਹਾ ਅਸਤੀਫ਼ਾ ਸਵੀਕਾਰ ਕੀਤੇ ਜਾਣ ਤੇ, ਉਕਤ ਮੈਂਬਰ ਦੁਆਰਾ ਆਪਣਾ ਅਹੁਦਾ ਖ਼ਾਲੀ ਕਰ ਦਿੱਤਾ ਗਿਆ ਸਮਝਿਆ ਜਾਵੇਗਾ।

(2) ਜੇ ਧਾਰਾ 4 ਦੀ ਉਪ-ਧਾਰਾ (3) ਦੇ ਖੰਡ (ਹ) ਅਧੀਨ ਨਾਮਜ਼ਦ ਅਤੇ ਖੰਡ (ਖ) ਅਧੀਨ ਕੋਆਪਟ ਕੀਤਾ ਗਿਆ ਅਤੇ ਉਪ-ਧਾਰਾ (5) ਅਧੀਨ ਨਾਮਜ਼ਦ ਕੀਤਾ ਗਿਆ ਕੋਈ ਮੈਂਬਰ,-

(ੳ) ਧਾਰਾ 5 ਵਿੱਚ ਜ਼ਿਕਰ ਕੀਤੀਆਂ ਗਈਆਂ ਕਿਸੇ ਵੀ ਨਾਕਾਬਲੀਅਤਾਂ ਦੇ ਤਾਬੇ ਹੋ ਜਾਂਦਾ ਹੈ; ਜਾਂ

(ਅ) ਟ੍ਰਸਟੀ ਕਮੇਟੀ ਦੀਆਂ ਕ੍ਰਮਵਰਤੀ ਤਿੰਨ ਤੋਂ ਵੱਧ ਇਕੱਤਰਤਾਵਾਂ ਵਿੱਚ ਟ੍ਰਸਟੀ ਕਮੇਟੀ ਤੋਂ ਛੁੱਟੀ ਲਏ ਬਿਨਾਂ ਗੈਰ-ਹਾਜ਼ਰ ਰਹਿੰਦਾ ਹੈ, ਤਦ ਉਸ ਦਾ ਸਥਾਨ ਖ਼ਾਲੀ ਹੋ ਜਾਵੇਗਾ।

(3) ਉਪ-ਧਾਰਾ (1) ਜਾਂ ਉਪ-ਧਾਰਾ (2) ਅਧੀਨ ਨਾਮਜ਼ਦ ਜਾਂ ਕੋਆਪਟ ਕੀਤੇ ਮੈਂਬਰ ਦੀ ਇਤਫ਼ਾਕੀਆ ਖ਼ਾਲੀ ਹੋਈ ਅਸਾਮੀ, ਜਿੰਨੀ ਛੇਤੀ ਸੰਭਵ ਹੋ ਸਕੇ, ਉਸੇ ਤਰੀਕੇ ਨਾਲ ਅਤੇ ਉਸੇ ਅਉਧ ਲਈ ਭਰੀ ਜਾਵੇਗੀ ਜਿਵੇਂ ਧਾਰਾ 4 ਵਿੱਚ ਜ਼ਿਕਰ ਕੀਤਾ ਗਿਆ ਹੈ।

ਖ਼ਾਲੀ ਥਾਂ, ਤਰੁੱਟੀ ਜਾਂ ਬੇਕਾਇਦਗੀ ਕਾਰਨ ਟ੍ਰਸਟੀ ਕਮੇਟੀ ਦੇ ਕਾਰਜਾਂ ਦਾ ਨਾਜਾਇਜ਼ ਨਾ ਹੋਣਾ।

7. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਟ੍ਰਸਟੀ ਕਮੇਟੀ ਦੁਆਰਾ ਕੀਤਾ ਗਿਆ ਕੋਈ ਕਾਰਜ ਜਾਂ ਕਾਰਵਾਈ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਨਹੀਂ ਹੋਵੇਗੀ ਕਿ,–

(ੳ) ਟ੍ਰਸਟੀ ਕਮੇਟੀ ਦੇ ਗਠਨ ਵਿੱਚ ਕੋਈ ਥਾਂ ਖ਼ਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਿਸੇ ਵਿਅਕਤੀ ਦੀ ਨਾਮਜ਼ਦਗੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੀ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਟ੍ਰਸਟੀ ਕਮੇਟੀ ਦੇ ਕਾਜਕਾਰ।

8. (1) ਫ਼ੰਡ ਦੇ ਪ੍ਰਸ਼ਾਸਨ ਵਿੱਚ, ਟ੍ਰਸਟੀ ਕਮੇਟੀ ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਤਾਬੇ,–

(ੳ) ਫ਼ੰਡ ਦੀ ਉਗਰਾਹੀ, ਪਰਿਰੱਖਣ, ਪ੍ਰਬੰਧਨ ਅਤੇ ਉਪਯੋਗ ਕਰੇਗੀ;

(ਅ) ਫ਼ੰਡ ਨਾਲ ਸਬੰਧਤ ਰਕਮਾਂ ਅਤੇ ਧਨ-ਧਾਮਾਂ ਨੂੰ ਧਾਰਨ ਕਰੇਗੀ;

(ੲ) ਫ਼ੰਡ ਵਿੱਚ ਦਾਖ਼ਲੇ ਜਾਂ ਮੁੜ-ਦਾਖ਼ਲੇ ਲਈ ਦਰਖ਼ਾਸਤਾਂ ਪ੍ਰਾਪਤ ਕਰੇਗੀ ਅਤੇ ਅਜਿਹੀਆਂ ਦਰਖ਼ਾਸਤਾਂ ਦਾ ਉਨ੍ਹਾਂ ਦੇ ਪ੍ਰਾਪਤ ਹੋਣ ਦੀ ਤਰੀਕ ਤੋਂ ਨੱਬੇ ਦਿਨਾਂ ਦੇ ਅੰਦਰ ਨਿਪਟਾਰਾ ਕਰੇਗੀ;

(ਸ) ਫ਼ੰਡ ਦੇ ਮੈਂਬਰਾਂ, ਉਹਨਾਂ ਦੇ ਨਾਮਜ਼ਦ ਵਿਅਕਤੀਆਂ, ਆਸ਼ਰਿਤਾਂ ਜਾਂ ਕਾਨੂੰਨੀ ਪ੍ਰਤੀਨਿਧੀਆਂ ਤੋਂ, ਜਿਹੀ ਕਿ ਸੂਰਤ ਹੋਵੇ, ਫ਼ੰਡ ਵਿੱਚੋਂ ਅਦਾਇਗੀ ਲਈ ਦਰਖ਼ਾਸਤਾਂ ਪ੍ਰਾਪਤ ਕਰੇਗੀ ਅਤੇ ਅਜਿਹੀਆਂ ਦਰਖ਼ਾਸਤਾਂ ਦੇ ਨਿਪਟਾਰੇ ਲਈ ਅਜਿਹੀ ਜਾਂਚ ਦਾ ਸੰਚਾਲਣ ਕਰੇਗੀ, ਜਿਵੇਂ ਇਹ ਜ਼ਰੂਰੀ ਸਮਝੇ, ਅਤੇ ਅਰਜ਼ੀਆਂ ਪ੍ਰਾਪਤ ਹੋਣ ਦੀ ਤਰੀਕ ਤੋਂ ਨੱਬੇ ਦਿਨਾਂ ਦੇ ਅੰਦਰ ਉਨ੍ਹਾਂ ਦਾ ਨਿਪਟਾਰਾ ਕਰੇਗੀ;

(ਹ) ਖੰਡਾਂ (ੲ) ਅਤੇ (ਸ) ਦੇ ਅਧੀਨ ਪ੍ਰਾਪਤ ਹੋਈਆਂ ਦਰਖ਼ਾਸਤਾਂ ਤੇ ਆਪਣਾ ਫ਼ੈਸਲਾ ਟ੍ਰਸਟੀ ਕਮੇਟੀ ਦੀ ਕਾਰਵਾਈ ਕਿਤਾਬ ਵਿੱਚ ਰਿਕਾਰਡ ਕਰੇਗੀ;

(ਕ) ਬਿਨੈਕਾਰ ਨੂੰ ਅਨੁਸੂਚੀ ਵਿੱਚ ਉਲਿਖਤ ਦਰ ਤੇ ਰਕਮ ਦੀ ਅਦਾਇਗੀ ਕਰੇਗੀ;

(ਖ) ਅਜਿਹੀਆਂ ਮਿਆਦੀ ਅਤੇ ਸਲਾਨਾ ਰਿਪੋਟਾਂ, ਜਿਵੇਂ ਮੁਕੱਰਰ ਕੀਤਾ ਜਾਵੇ, ਰਾਜ ਸਰਕਾਰ ਅਤੇ ਬਾਰ ਕੌਂਸਲ ਨੂੰ ਭੇਜੇਗੀ;

(ਗ) ਫ਼ੰਡ ਵਿੱਚ ਦਾਖ਼ਲੇ ਜਾਂ ਮੁੜ-ਦਾਖਲੇ ਜਾਂ ਫ਼ੰਡ ਦੇ ਫ਼ਾਇਦੇ ਦੇ ਦਾਅਵਿਆਂ ਲਈ ਦਰਖ਼ਾਸਤ ਤੇ ਆਪਣੇ ਫ਼ੈਸਲੇ ਦੀ ਰਸੀਦ ਅਤੇ ਦਰਖ਼ਾਸਤਕਾਰ ਨੂੰ ਰਜਿਸਟਰਸੁਦਾ ਡਾਕ ਰਾਹੀਂ ਸੰਸੂਚਿਤ ਕਰੇਗੀ;

(ਘ) ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਅਜਿਹੇ ਅਧਿਕਾਰੀ ਅਤੇ ਕਰਮਚਾਰੀ ਜਿਵੇਂ ਇਹ ਜ਼ਰੂਰੀ ਸਮਝੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਨਿਯੁਕਤ ਕਰੇਗੀ ਜਿਵੇਂ ਮੁਕੱਰਰ ਕੀਤੀਆਂ ਜਾਣ; ਅਤੇ

(ਙ) ਅਜਿਹੇ ਹੋਰ ਕਾਰਜ ਕਰੇਗੀ ਜੋ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਇਸ ਦੁਆਰਾ ਕਰਨੇ ਲੋੜੀਂਦੇ ਹਨ ਜਾਂ ਕਰਨੇ ਲੋੜੀਂਦੇ ਹੋਣ।

(2) ਬਾਰ ਕੌਂਸਲ ਜਾਂ ਟ੍ਰਸਟੀ ਕਮੇਟੀ ਬਾਰ ਐਸੋਸੀਏਸ਼ਨ ਨੂੰ ਅਜਿਹੇ ਨਿਰਦੇਸ਼ ਦੇਵੇਗੀ ਜੋ, ਇਸ ਦੀ ਰਾਏ ਵਿੱਚ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹਨ।

ਸਕੱਤਰ ਦੀਆਂ ਸ਼ਕਤੀਆਂ ਅਤੇ ਕਰਤੱਵ।

9. ਟ੍ਰਸਟੀ ਕਮੇਟੀ ਦਾ ਸਕੱਤਰ,-

(ੳ) ਟ੍ਰਸਟੀ ਕਮੇਟੀ ਦੀ ਮੁੱਖ ਕਾਰਜਕਾਰੀ ਅਥਾਰਟੀ ਅਤੇ ਇਸ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੋਵੇਗਾ;

(ਅ) ਟ੍ਰਸਟੀ ਕਮੇਟੀ ਲਈ ਅਤੇ ਉਸ ਦੇ ਵਿਰੁੱਧ ਸਾਰੇ ਦਾਵਿਆਂ ਅਤੇ ਕਾਰਵਾਈਆਂ ਵਿੱਚ ਟ੍ਰਸਟੀ ਕਮੇਟੀ ਦੀ ਪ੍ਰਤੀਨਿਧਤਾ ਕਰੇਗਾ;

(ਏ) ਟ੍ਰਸਟੀ ਕਮੇਟੀ ਦੇ ਸਾਰੇ ਫ਼ੈਸਲਿਆਂ ਅਤੇ ਹਦਾਇਤਾਂ ਨੂੰ ਆਪਣੇ ਦਸਖ਼ਤਾਂ ਨਾਲ ਪ੍ਰਮਾਣੀਕ ਕਰੇਗਾ;

(ਸ) ਟ੍ਰਸਟੀ ਕਮੇਟੀ ਦੇ ਚੇਅਰਮੈਨ ਜਾਂ ਉਸ ਦੇ ਨਾਮਜ਼ਦ ਨਾਲ ਸਾਂਝੇ ਤੌਰ ਤੇ ਟ੍ਰਸਟੀ ਕਮੇਟੀ ਦੇ ਬੈਂਕ ਖਾਤਿਆਂ ਦਾ ਸੰਚਾਲਣ ਕਰੇਗਾ;

(ਹ) ਟ੍ਰਸਟੀ ਕਮੇਟੀ ਦੀਆਂ ਇਕੱਤਰਤਾਵਾਂ ਬੁਲਾਵੇਗਾ ਅਤੇ ਇਨ੍ਹਾਂ ਦੀਆਂ ਕਾਰਵਾਈ ਰਿਪੋਟਾਂ ਕਲਮਬੰਦ ਕਰੇਗਾ;

(ਕ) ਸਾਰੇ ਜ਼ਰੂਰੀ ਰਿਕਾਰਡ ਅਤੇ ਜਾਣਕਾਰੀ ਨਾਲ ਟ੍ਰਸਟੀ ਕਮੇਟੀ ਦੀਆਂ ਇਕੱਤਰਤਾਵਾਂ ਵਿੱਚ ਸ਼ਾਮਲ ਹੋਵੇਗਾ;

(ਖ) ਟ੍ਰਸਟੀ ਕਮੇਟੀ ਨਾਲ ਸਬੰਧਤ ਅਜਿਹੇ ਫਾਰਮਾਂ, ਰਜਿਸਟਰਾਂ ਅਤੇ ਹੋਰ ਰਿਕਾਰਡ ਜੋ ਸਮੇਂ ਸਮੇਂ ਤੇ ਮੁਕੱਰਰ ਕੀਤੇ ਜਾਣ, ਨੂੰ ਕਾਇਮ ਰੱਖੇਗਾ ਅਤੇ ਸਾਰਾ ਪੱਤਰ-ਵਿਹਾਰ ਕਰੇਗਾ;

(ਗ) ਹਰੇਕ ਵਿੱਤੀ ਸਾਲ ਦੌਰਾਨ ਟ੍ਰਸਟੀ ਕਮੇਟੀ ਦੁਆਰਾ ਕੀਤੇ ਗਏ ਕੰਮਕਾਰ ਦੀ ਸਲਾਨਾ ਵਿਵਰਣੀ ਤਿਆਰ ਕਰੇਗਾ; ਅਤੇ

(ਘ) ਅਜਿਹੇ ਹੋਰ ਕਾਰਜ ਕਰੇਗਾ ਜਿਵੇਂ ਟ੍ਰਸਟੀ ਕਮੇਟੀ ਜਾਂ ਇਸ ਦੇ ਚੇਅਰਮੈਨ ਦੁਆਰਾ ਨਿਰਦੇਸ਼ਤ ਕੀਤਾ ਜਾਵੇ।

ਉਧਾਰ ਲੈਣਾ ਅਤੇ ਪੂੰਜੀ ਲਾਉਣਾ।

10. (1) ਟ੍ਰਸਟੀ ਕਮੇਟੀ, ਰਾਜ ਸਰਕਾਰ ਅਤੇ ਬਾਰ ਕੌਂਸਲ ਦੀ ਪੂਰਵਲੀ ਪ੍ਰਵਾਨਗੀ ਨਾਲ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਸਮੇਂ ਸਮੇਂ ਤੇ ਲੋੜੀਂਦੀ ਕੋਈ ਵੀ ਰਕਮ ਉਧਾਰ ਲੈ ਸਕੇਗੀ।

(2) ਟ੍ਰਸਟੀ ਕਮੇਟੀ ਫ਼ੰਡ ਦੇ ਭਾਗ ਰੂਪ ਵਿੱਚ ਸ਼ਾਮਲ ਸਾਰੇ ਧਨ ਅਤੇ ਆਮਦਨ ਕਿਸੇ ਵੀ ਅਨੁਸੂਚਿਤ ਬੈਂਕ ਵਿੱਚ ਜਮ੍ਹਾਂ ਕਰਵਾਏਗੀ ਜਾਂ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਵਾਲੇ ਕਿਸੇ ਨਿਗਮ ਨੂੰ ਕਰਜ਼ੇ ਵਜੋਂ ਜਾਂ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਕਰਜ਼ੇ ਵਿੱਚ ਜਾਂ ਕਿਸੇ ਹੋਰ ਤਰੀਕੇ ਨਾਲ, ਜਿਵੇਂ ਟ੍ਰਸਟੀ ਕਮੇਟੀ ਸਮੇਂ ਸਮੇਂ ਤੇ ਬਾਰ ਕੌਂਸਲ ਦੀ ਪ੍ਰਵਾਨਗੀ ਨਾਲ ਫ਼ੈਸਲਾ ਕਰੇ, ਪੂੰਜੀ ਲਗਾਏਗੀ।

(3) ਇਸ ਐਕਟ ਦੇ ਅਧੀਨ ਦੇਣਯੋਗ ਅਤੇ ਅਦਾਇਗੀਯੋਗ ਸਾਰੀਆਂ ਰਕਮਾਂ ਅਤੇ ਫ਼ੰਡ ਦੇ ਪ੍ਰਬੰਧਨ ਅਤੇ ਪ੍ਰਸ਼ਾਸਨ ਨਾਲ ਸਬੰਧਤ ਸਾਰੇ ਖ਼ਰਚ ਫ਼ੰਡ ਵਿੱਚੋਂ ਅਦਾ ਕੀਤੇ ਜਾਣਗੇ।

ਲੇਖੇ ਅਤੇ ਆਡਿਟ।

11. (1) ਟ੍ਰਸਟੀ ਕਮੇਟੀ ਲੇਖੇ ਦੀਆਂ ਵਹੀਆਂ ਅਤੇ ਹੋਰ ਵਹੀਆਂ ਅਜਿਹੇ ਰੂਪ ਅਤੇ ਅਜਿਹੇ ਤਰੀਕੇ ਨਾਲ ਰੱਖੇਗੀ ਅਤੇ ਕਾਇਮ ਰੱਖੇਗੀ ਜਿਵੇਂ ਮੁਕੱਰਰ ਕੀਤਾ ਜਾਵੇ।

(2) ਟ੍ਰਸਟੀ ਕਮੇਟੀ ਦੇ ਲੇਖੇ ਸਲਾਨਾ ਤੌਰ ਤੇ ਇਸ ਦੁਆਰਾ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣਗੇ।

(3) ਟ੍ਰਸਟੀ ਕਮੇਟੀ ਦੇ ਲੇਖੇ ਜਿਵੇਂ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਗਏ ਹਨ, ਉਸ ਦੀ ਆਡਿਟ ਰਿਪੋਟ ਦੇ ਨਾਲ, ਟ੍ਰਸਟੀ ਕਮੇਟੀ ਦੁਆਰਾ ਬਾਰ ਕੌਂਸਲ ਨੂੰ ਭੇਜੇ ਜਾਣਗੇ ਅਤੇ ਬਾਰ ਕੌਂਸਲ ਇਸ ਦੇ ਬਾਰੇ ਵਿੱਚ ਟ੍ਰਸਟੀ ਕਮੇਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਉਹ ਠੀਕ ਸਮਝੇ।

(4) ਟ੍ਰਸਟੀ ਕਮੇਟੀ ਬਾਰ ਕੌਂਸਲ ਦੁਆਰਾ ਉਪ-ਧਾਰਾ (3) ਅਧੀਨ ਜਾਰੀ ਕੀਤੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

(5) ਟ੍ਰਸਟੀ ਕਮੇਟੀ ਆਡਿਟ ਲਈ ਖਰਚਿਆਂ ਦੀ ਅਦਾਇਗੀ ਫ਼ੰਡ ਵਿੱਚੋਂ ਕਰੇਗੀ।

ਬਾਰ ਕੌਂਸਲ ਦੁਆਰਾ ਅੰਸ਼ਦਾਨ।

12. ਬਾਰ ਕੌਂਸਲ ਫ਼ੰਡ ਵਿੱਚ, ਇਸ ਦੁਆਰਾ ਵਸੂਲ ਕੀਤੀਆਂ ਦਾਖ਼ਲਾ ਫ਼ੀਸਾਂ ਦਾ, ਅਜਿਹੀ ਦਰ ਤੇ ਰਕਮ ਅੰਸ਼ਦਾਨ ਦੇਵੇਗੀ, ਜਿਵੇਂ ਬਾਰ ਕੌਂਸਲ ਸਮੇਂ ਸਮੇਂ ਤੇ ਠੀਕ ਸਮਝੇ।

## ਅਧਿਆਏ IV

## ਸਕੀਮਾਂ ਬਣਾਉਣਾ

ਸਕੀਮਾਂ ਬਣਾਉਣਾ।

13. ਟ੍ਰਸਟੀ ਕਮੇਟੀ ਬਾਰ ਕੌਂਸਲ ਨਾਲ ਮਸ਼ਵਰਾ ਕਰਕੇ,–

(ੳ) ਐਡਵੋਕੇਟਾਂ ਦਾ ਸਮੂਹਿਕ ਬੀਮਾ;

(ਅ) ਭਾਗੀਦਾਰ ਮੈਂਬਰਾਂ ਵਜੋਂ ਦਾਖ਼ਲ ਐਡਵੋਕੇਟਾਂ ਨੂੰ ਗ੍ਰੈਚੂਟੀ ਅਤੇ ਰਿਟਾਇਰਮੈਂਟ ਫ਼ਾਇਦੇ ਦੇਣ;

(ੲ) ਹੱਕੀ ਐਡਵੋਕੇਟਸਾਂ ਨੂੰ ਵਜ਼ੀਫ਼ੇ ਦੇ ਤੌਰ ਤੇ ਜਾਂ ਆਸਾਨ ਕਿਸ਼ਤਾਂ ਵਿੱਚ ਵਾਪਸ ਅਦਾਇਗੀਯੋਗ ਨਾ-ਮਾਤਰ ਵਿਆਜ਼ ਤੇ ਵਿੱਤੀ ਸਹਾਇਤਾ;

(ਸ) ਉਨ੍ਹਾਂ ਐਡਵੋਕੇਟਾਂ ਨੂੰ ਪ੍ਰੋਤਸਾਹਨ ਸਕੀਮਾਂ ਪ੍ਰਦਾਨ ਕਰਨ ਲਈ ਜੋ ਸਮਾਜ ਦੇ ਗਰੀਬ ਅਤੇ ਕਮਜ਼ੋਰ ਵਰਗਾਂ ਨੂੰ ਕਾਨੂੰਨੀ ਸਹਾਇਤਾ ਦੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ;

(ਹ) ਐਡਵੋਕੇਟਾਂ ਦਾ ਮੈਡੀਕਲ ਬੀਮਾ;

(ਕ) ਰਾਜ ਵਿੱਚ ਭਿੰਨ-ਭਿੰਨ ਬਾਰ ਐਸੋਸੀਏਸ਼ਨਾਂ ਨੂੰ ਉਹਨਾਂ ਦੀਆਂ ਲਾਇਬਰੇਰੀਆਂ ਦੇ ਵਿਕਾਸ ਲਈ ਵਿੱਤੀ ਸਹਾਇਤਾ ਦੇਣ;

(ਖ) ਗੰਭੀਰ ਬਿਮਾਰੀ ਦੀ ਸੂਰਤ ਵਿੱਚ ਸੂਚੀਬੱਧ ਐਡਵੋਕੇਟਾਂ ਨੂੰ ਵਿੱਤੀ ਸਹਾਇਤਾ ਦੇਣ;

(ਗ) ਨਿਰਧਨ ਅਤੇ ਨਿਰਯੋਗ ਵਕੀਲਾਂ ਨੂੰ ਵਿੱਤੀ ਸਹਾਇਤਾ ਦੇਣ;

(ਘ) ਐਡਵੋਕੇਟਾਂ ਦੇ ਕਾਨੂੰਨੀ ਵਾਰਸਾਂ ਨੂੰ ਵਿੱਤੀ ਸਹਾਇਤਾ ਦੇਣ; ਅਤੇ

(ਙ) ਐਡਵੋਕੇਟਾਂ ਲਈ ਅਜਿਹੇ ਹੋਰ ਭਲਾਈ ਜਾਂ ਫ਼ਾਇਦੇ ਜੋ ਟ੍ਰਸਟੀ ਕਮੇਟੀ ਢੁੱਕਵਾਂ ਸਮਝਦੀ ਹੋਵੇ,

ਲਈ ਸਕੀਮਾਂ ਤਿਆਰ ਕਰ ਸਕਦੀ ਹੈ।

## ਅਧਿਆਏ V

## ਬਾਰ ਐਸੋਸੀਏਸ਼ਨ, ਇਸ ਦਾ ਰਜਿਸਟਰੀਕਰਣ, ਕਰਤੱਵ ਅਤੇ ਕਾਜਕਾਰ

ਬਾਰ ਐਸੋਸੀਏਸ਼ਨ ਦੀ ਮਾਨਤਾ ਅਤੇ ਰਜਿਸਟਰੀਕਰਣ।

14. (1) ਪੰਜਾਬ ਰਾਜ ਵਿੱਚ ਕੰਮ ਕਰ ਰਹੀਆਂ ਕਿਸੇ ਵੀ ਨਾਂ ਨਾਲ ਜਾਣੀਆਂ ਜਾਂਦੀਆਂ ਐਡਵੋਕੇਟਾਂ ਦੀਆਂ ਸਾਰੀਆਂ ਐਸੋਸੀਏਸ਼ਨਾਂ, ਬਾਰ ਕੌਂਸਲ ਦੁਆਰਾ ਇਸ ਨਮਿੱਤ ਅਧਿਸੂਚਿਤ ਕੀਤੀ ਤਰੀਕ ਤੋਂ ਪਹਿਲਾਂ, ਮਾਨਤਾ ਅਤੇ ਰਜਿਸਟਰੀਕਰਣ ਲਈ ਬਾਰ ਕੌਂਸਲ ਨੂੰ ਅਜਿਹੇ ਰੂਪ ਵਿੱਚ ਅਰਜ਼ੀ ਦੇਣਗੀਆਂ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਹਰੇਕ ਦਰਖ਼ਾਸਤ ਦੇ ਨਾਲ ਐਸੋਸੀਏਸ਼ਨ ਦੇ ਉਪ-ਕਾਨੂੰਨ, ਐਸੋਸੀਏਸ਼ਨ ਦੇ ਅਹੁਦੇਧਾਰੀਆਂ ਦੇ ਨਾਮ ਅਤੇ ਪਤੇ ਅਤੇ ਇਸ ਦੇ ਮੈਂਬਰਾਂ ਦੀ ਮਿਤੀ-ਅੰਤ ਤੱਕ ਦੀ ਸੂਚੀ ਹੋਵੇਗੀ ਜਿਸ ਵਿੱਚ ਉਸ ਦੇ ਹਰੇਕ ਮੈਂਬਰ ਦਾ ਨਾਮ, ਪਤਾ ਅਤੇ ਦਾਖ਼ਲੇ ਦੀ ਤਰੀਕ ਅਤੇ ਪ੍ਰੈਕਟਿਸ ਕਰਨ ਦਾ ਸਾਧਾਰਨ ਸਥਾਨ ਦਰਸਾਇਆ ਗਿਆ ਹੋਵੇ।

(3) ਬਾਰ ਕੌਂਸਲ, ਅਜਿਹੀ ਜਾਂਚ ਪਿੱਛੋਂ ਜਿਵੇਂ ਉਹ ਜ਼ਰੂਰੀ ਸਮਝਦੀ ਹੈ, ਐਸੋਸੀਏਸ਼ਨ ਨੂੰ ਮਾਨਤਾ ਦੇ ਸਕਦੀ ਹੈ ਅਤੇ ਅਜਿਹੇ ਰੂਪ ਵਿੱਚ, ਜਿਵੇਂ ਮੁਕੱਰਰ ਕੀਤਾ ਜਾਵੇ, ਰਜਿਸਟਰੀਕਰਣ ਦਾ ਪ੍ਰਮਾਣ-ਪੱਤਰ ਜਾਰੀ ਕਰ ਸਕੇਗੀ।

(4) ਬਾਰ ਐਸੋਸੀਏਸ਼ਨ ਦੀ ਮਾਨਤਾ ਅਤੇ ਰਜਿਸਟਰੀਕਰਨ ਦੇ ਬਾਬਤ ਬਾਰ ਕੌਂਸਲ ਦਾ ਫ਼ੈਸਲਾ ਅੰਤਿਮ ਹੋਵੇਗਾ।

(5) ਬਾਰ ਕੌਂਸਲ ਇਸ ਐਕਟ ਅਧੀਨ ਆਪਣੇ ਕਰਤੱਵਾਂ ਦੀ ਕੋਤਾਹੀ ਲਈ ਬਾਰ ਐਸੋਸੀਏਸ਼ਨ ਦੀ ਮਾਨਤਾ ਰੱਦ ਕਰ ਸਕੇਗੀ ਜਾਂ ਅਜਿਹਾ ਹੁਕਮ ਪਾਸ ਕਰ ਸਕੇਗੀ ਜਿਵੇਂ ਉਹ ਠੀਕ ਸਮਝਦੀ ਹੈ:

ਪ੍ਰੰਤੂ ਸਬੰਧਤ ਬਾਰ ਐਸੋਸੀਏਸ਼ਨ ਨੂੰ ਸੁਣਵਾਈ ਦਾ ਅਵਸਰ ਦਿੱਤੇ ਬਿਨਾਂ ਕੋਈ ਹੁਕਮ ਪਾਸ ਨਹੀਂ ਕੀਤਾ ਜਾਵੇਗਾ।

ਬਾਰ ਐਸੋਸੀਏਸ਼ਨਾਂ ਦੇ ਕਰਤੱਵ।

15. (1) ਹਰੇਕ ਬਾਰ ਐਸੋਸੀਏਸ਼ਨ, ਹਰੇਕ ਸਾਲ ਦੇ ਅਪ੍ਰੈਲ ਦੇ ਪੰਦਰਵੇਂ ਦਿਨ ਨੂੰ ਜਾਂ ਇਸ ਤੋਂ ਪਹਿਲਾਂ, ਉਸ ਸਾਲ ਦੀ ਇਕੱਤੀ ਮਾਰਚ ਤੱਕ ਦੇ ਮੈਂਬਰਾਂ ਦੀ ਸੂਚੀ ਬਾਰ ਕੌਂਸਲ ਅਤੇ ਟ੍ਰਸਟੀ ਕਮੇਟੀ ਨੂੰ ਦੇਵੇਗੀ।

(2) ਹਰੇਕ ਬਾਰ ਐਸੋਸੀਏਸ਼ਨ,-

(ੳ) ਬਾਰ ਐਸੋਸੀਏਸ਼ਨ ਦੇ ਅਹੁਦਾਧਾਰੀਆਂ ਦੇ ਕਿਸੇ ਵੀ ਬਦਲਾਅ ਦੇ ਬਾਰੇ ਅਜਿਹੇ ਬਦਲਾਅ ਦੇ ਪੰਦਰਾਂ ਦਿਨਾਂ ਦੇ ਅੰਦਰ;

(ਅ) ਮੈਂਬਰਸ਼ਿਪ ਸਮੇਤ ਦਾਖ਼ਲੇ ਜਾਂ ਮੁੜ-ਦਾਖ਼ਲੇ ਵਿੱਚ ਕਿਸੇ ਵੀ ਬਦਲਾਅ ਬਾਰੇ ਅਜਿਹੇ ਬਦਲਾਅ ਦੇ ਤੀਹ ਦਿਨਾਂ ਦੇ ਅੰਦਰ;

(ੲ) ਇਸ ਦੇ ਕਿਸੇ ਵੀ ਮੈਂਬਰਾਂ ਦੀ ਪ੍ਰੈਕਟਿਸ ਦੀ ਸਮਾਪਤੀ ਜਾਂ ਸਵੈ-ਇੱਛਤ ਤੌਰ ਤੇ ਮੁਅੱਤਲੀ ਬਾਰੇ, ਪ੍ਰੈਕਟਿਸ ਦੀ ਅਜਿਹੀ ਸਮਾਪਤੀ ਜਾਂ ਮੁਅੱਤਲੀ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ;

(ਸ) ਫ਼ੰਡ ਲਈ ਹਰੇਕ ਮੈਂਬਰ ਤੋਂ ਸਲਾਨਾ ਚੰਦਾ ਉਗਰਾਹੁਣ ਬਾਰੇ ਜਿਵੇਂ ਵਿਨਿਯਮਾਂ ਦੁਆਰਾ ਉਲਿਖਤ ਕੀਤਾ ਜਾਵੇ; ਅਤੇ

(ਹ) ਅਜਿਹੇ ਹੋਰ ਮਾਮਲੇ ਬਾਰੇ ਜੋ ਬਾਰ ਕੌਂਸਲ ਜਾਂ ਟ੍ਰਸਟੀ ਕਮੇਟੀ ਦੁਆਰਾ ਸਮੇਂ ਸਮੇਂ ਤੇ ਲੋੜੀਂਦੇ ਹੋ ਸਕਦੇ ਹਨ,

ਬਾਰ ਕੌਂਸਲ ਅਤੇ ਟ੍ਰਸਟੀ ਕਮੇਟੀ ਨੂੰ ਇਤਲਾਹ ਕਰੇਗੀ।

ਅਧਿਆਏ VI

ਫ਼ੰਡ ਦੀ ਮੈਂਬਰਸ਼ਿਪ ਅਤੇ ਉਸ ਤੋਂ ਅਦਾਇਗੀ

ਫ਼ੰਡ ਦੀ ਮੈਂਬਰਸ਼ਿਪ ਅਤੇ ਉਸ ਤੋਂ ਅਦਾਇਗੀ।

16. (1) ਅਦਾਲਤ ਵਿੱਚ ਪ੍ਰੈਕਟਿਸ ਕਰ ਰਿਹਾ ਪੰਜਾਬ ਰਾਜ ਨਾਲ ਸਬੰਧਤ ਹਰੇਕ ਐਡਵੋਕੇਟ ਫ਼ੰਡ ਦੇ ਮੈਂਬਰ ਵਜੋਂ ਦਾਖ਼ਲੇ ਲਈ ਟ੍ਰਸਟੀ ਕਮੇਟੀ ਨੂੰ, ਅਜਿਹੇ ਰੂਪ ਵਿੱਚ ਅਰਜ਼ੀ ਦੇਵੇਗਾ ਜਿਵੇਂ ਮੁਕੱਰਰ ਕੀਤਾ ਜਾਵੇ।

(2) ਉਪ-ਧਾਰਾ (1) ਅਧੀਨ ਕੋਈ ਵੀ ਦਰਖ਼ਾਸਤ ਪ੍ਰਾਪਤ ਹੋਣ ਤੇ, ਟ੍ਰਸਟੀ ਕਮੇਟੀ ਅਜਿਹੀ ਜਾਂਚ ਕਰੇਗੀ ਜੋ ਉਹ ਠੀਕ ਸਮਝਦੀ ਹੈ ਅਤੇ ਜਾਂ ਤਾਂ ਬਿਨੈਕਾਰ ਨੂੰ ਫ਼ੰਡ ਵਿੱਚ ਦਾਖ਼ਲ ਕਰੇਗੀ ਜਾਂ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਦਰਖ਼ਾਸਤ ਨੂੰ ਰੱਦ ਕਰ ਦੇਵੇਗੀ:

ਪ੍ਰੰਤੂ ਦਰਖ਼ਾਸਤ ਨੂੰ ਰੱਦ ਕਰਨ ਦਾ ਕੋਈ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਬਿਨੈਕਾਰ ਨੂੰ ਸੁਣਵਾਈ ਦਾ ਅਵਸਰ ਨਾ ਦਿੱਤਾ ਗਿਆ ਹੋਵੇ।

(3) ਹਰੇਕ ਬਿਨੈਕਾਰ ਦਰਖ਼ਾਸਤ ਦੇ ਨਾਲ ਟ੍ਰਸਟੀ ਕਮੇਟੀ ਦੇ ਖਾਤੇ ਵਿੱਚ ਇੱਕ ਸੌ ਰੁਪਏ ਦੀ ਦਰਖ਼ਾਸਤ ਫ਼ੀਸ ਦੀ ਅਦਾਇਗੀ ਕਰੇਗਾ।

(4) ਦਰਖ਼ਾਸਤ ਰੱਦ ਹੋਣ ਦੀ ਸੂਰਤ ਵਿੱਚ, ਅਦਾ ਕੀਤੀ ਗਈ ਦਰਖ਼ਾਸਤ ਫ਼ੀਸ ਬਿਨੈਕਾਰ ਨੂੰ ਵਾਪਸ ਕਰ ਦਿੱਤੀ ਜਾਵੇਗੀ।

(5) ਜਿੱਥੇ ਇੱਕ ਐਡਵੋਕੇਟ ਫ਼ੰਡ ਦੇ ਮੈਂਬਰ ਵਜੋਂ ਦਾਖ਼ਲ ਕੀਤਾ ਜਾਂਦਾ ਹੈ, ਤਾਂ ਉਹ ਦਾਖ਼ਲੇ ਦੀ ਤਰੀਕ ਤੋਂ ਇੱਕ ਸਾਲ ਦੇ ਅੰਦਰ ਜਾਂ ਤਾਂ ਇੱਕ ਕਿਸ਼ਤ ਵਿੱਚ ਜਾਂ ਪੰਜ ਸੌ ਰੁਪਏ ਦੀਆਂ ਹਰੇਕ ਦੋ ਛਿਮਾਹੀ ਕਿਸ਼ਤਾਂ ਵਿੱਚ ਇੱਕ ਹਜਾਰ ਰੁਪਏ ਦੀ ਮੈਂਬਰਸ਼ਿਪ ਫ਼ੀਸ ਵਜੋਂ ਫ਼ੰਡ ਵਿੱਚ ਅਦਾ ਕਰੇਗਾ ਅਤੇ ਅਜਿਹੀ ਅਦਾਇਗੀ ਤੇ, ਸਬੰਧਤ ਐਡਵੋਕੇਟ ਦੀ ਮੈਂਬਰਸ਼ਿਪ, ਉਪ-ਧਾਰਾ (7) ਦੇ ਉਪਬੰਧਾਂ ਦੇ ਤਾਬੇ, ਉਸ ਦੇ ਜੀਵਨ ਭਰ ਲਈ ਹੋਵੇਗੀ। ਮੈਂਬਰਸ਼ਿਪ ਫ਼ੀਸ ਨਾ-ਮੁੜਣਯੋਗ ਹੋਵੇਗੀ।

(6) ਹਰੇਕ ਮੈਂਬਰ, ਫ਼ੰਡ ਦੀ ਮੈਂਬਰਸ਼ਿਪ ਦੇ ਦਾਖ਼ਲੇ ਦੇ ਸਮੇਂ, ਇੱਕ ਜਾਂ ਇੱਕ ਤੋਂ ਵੱਧ ਆਸ਼ਰਿਤਾਂ ਨੂੰ ਉਸ ਰਕਮ ਨੂੰ, ਜੋ ਉਸ ਦੀ ਮੌਤ ਦੀ ਸੂਰਤ ਵਿੱਚ, ਉਸ ਨੂੰ ਰਕਮ ਅਦਾ ਕੀਤੇ ਜਾਣ ਤੋਂ ਪਹਿਲਾਂ, ਫ਼ੰਡ ਤੋਂ ਦੇਣਯੋਗ ਹੋ ਸਕਦੀ ਹੈ, ਪ੍ਰਾਪਤ ਕਰਨ ਦਾ ਅਧਿਕਾਰ ਪ੍ਰਦਾਨ ਕਰਦੇ ਹੋਏ ਇੱਕ ਨਾਮਜ਼ਦਗੀ ਕਰੇਗਾ। ਜੇ ਕੋਈ ਮੈਂਬਰ ਇੱਕ ਤੋਂ ਵੱਧ ਨਾਮਜ਼ਦ ਵਿਅਕਤੀਆਂ ਨੂੰ ਨਾਮਜ਼ਦ ਕਰਦਾ ਹੈ, ਤਾਂ

ਉਹ ਨਾਮਜ਼ਦਗੀ ਵਿੱਚ ਹਰੇਕ ਨਾਮਜ਼ਦ ਵਿਅਕਤੀ ਨੂੰ ਅਦਾਇਗੀਯੋਗ ਹਿੱਸਾ ਉਲਿਖਤ ਕਰੇਗਾ:

ਪ੍ਰੰਤੂ ਇੱਕ ਮੈਂਬਰ ਕਿਸੇ ਵੀ ਸਮੇਂ ਟ੍ਰਸਟੀ ਕਮੇਟੀ ਨੂੰ ਲਿਖਤੀ ਰੂਪ ਵਿੱਚ ਇੱਕ ਨੋਟਿਸ ਨਾਲ ਇੱਕ ਨਵੀਂ ਨਾਮਜ਼ਦਗੀ ਭੇਜ ਕੇ, ਨਾਮਜ਼ਦਗੀ ਨੂੰ ਰੱਦ ਕਰ ਸਕਦਾ ਹੈ।

(7) ਹਰੇਕ ਮੈਂਬਰ ਜੋ ਸਵੈ-ਇੱਛਤ ਤੌਰ ਤੇ ਪ੍ਰੈਕਟਿਸ ਮੁਅੱਤਲ ਕਰਦਾ ਹੈ ਜਾਂ ਰਿਟਾਇਰ ਹੁੰਦਾ ਹੈ, ਅਜਿਹੀ ਮੁਅੱਤਲੀ ਜਾਂ ਰਿਟਾਇਰਮੈਂਟ ਦੇ ਤਿੰਨ ਮਹੀਨਿਆਂ ਦੇ ਅੰਦਰ, ਜਿਹੀ ਕਿ ਸੂਰਤ ਹੋਵੇ, ਉਹ ਤੱਥ ਟ੍ਰਸਟੀ ਕਮੇਟੀ ਨੂੰ ਇਤਲਾਹ ਕਰੇਗਾ, ਅਤੇ ਜੇ ਕੋਈ ਮੈਂਬਰ ਕਾਫ਼ੀ ਕਾਰਨਾਂ ਤੋਂ ਬਿਨਾਂ ਅਜਿਹਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਟ੍ਰਸਟੀ ਕਮੇਟੀ, ਅਜਿਹੇ ਸਿਧਾਂਤਾਂ ਦੀ ਅਨੁਸਾਰਤਾ ਵਿੱਚ, ਜਿਵੇਂ ਮੁਕੱਰਰ ਕੀਤੇ ਜਾਣ, ਉਸ ਮੈਂਬਰ ਨੂੰ ਦੇਣਯੋਗ ਰਕਮ ਘਟਾ ਸਕਦੀ ਹੈ।

ਪ੍ਰੈਕਟਿਸ ਦੇ ਸਮਾਪਣ ਹੋਣ ਤੇ ਫ਼ੰਡ ਵਿੱਚੋਂ ਅਦਾਇਗੀ।

17. (1) ਕਿਸੇ ਮੈਂਬਰ ਦੀ ਮੌਤ ਹੋਣ ਦੀ ਸੂਰਤ ਵਿੱਚ, ਅਨੁਸੂਚੀ ਵਿੱਚ ਉਲਿਖਤ ਰਕਮ ਨਾਮਜ਼ਦ ਵਿਅਕਤੀ ਨੂੰ ਜਾਂ ਜਿੱਥੇ ਨਾਮਜ਼ਦ ਵਿਅਕਤੀ ਨਹੀਂ ਹੈ, ਉਸ ਦੇ ਆਸ਼ਰਿਤਾਂ ਨੂੰ ਅਦਾ ਕੀਤੀ ਜਾਵੇਗੀ।

(2) ਮੌਤ ਤੋਂ ਇਲਾਵਾ ਕਿਸੇ ਹੋਰ ਤਰ੍ਹਾਂ ਨਾਲ ਪ੍ਰੈਕਟਿਸ ਬੰਦ ਹੋਣ ਦੀ ਸੂਰਤ ਵਿੱਚ, ਮੈਂਬਰ ਜਾਂ ਉਸ ਦਾ ਨਾਮਜ਼ਦ ਵਿਅਕਤੀ, ਜਿਹੀ ਕਿ ਸੂਰਤ ਹੋਵੇ, ਫ਼ੰਡ ਵਿੱਚੋਂ ਅਜਿਹੀ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ, ਜਿਵੇਂ ਟ੍ਰਸਟੀ ਕਮੇਟੀ ਦੁਆਰਾ ਨਿਰਧਾਰਤ ਕੀਤੀ ਜਾਵੇ।

(3) ਫ਼ੰਡ ਵਿੱਚੋਂ ਅਦਾਇਗੀ ਲਈ ਦਰਖ਼ਾਸਤ ਟ੍ਰਸਟੀ ਕਮੇਟੀ ਨੂੰ ਅਜਿਹੇ ਰੂਪ ਵਿੱਚ ਦਿੱਤੀ ਜਾਵੇਗੀ ਜਿਵੇਂ ਮੁਕੱਰਰ ਕੀਤਾ ਜਾਵੇ।

(4) ਉਪ-ਧਾਰਾ (3) ਅਧੀਨ ਪ੍ਰਾਪਤ ਹੋਈ ਦਰਖ਼ਾਸਤ ਦਾ ਨਿਪਟਾਰਾ ਟ੍ਰਸਟੀ ਕਮੇਟੀ ਦੁਆਰਾ ਅਜਿਹੀ ਜਾਂਚ ਪਿੱਛੋਂ ਕੀਤਾ ਜਾਵੇਗਾ ਜਿਵੇਂ ਉਹ ਜ਼ਰੂਰੀ ਸਮਝੇ।

ਫ਼ੰਡ ਵਿੱਚ ਮੈਂਬਰ ਦੇ ਹਿੱਤ ਦੀ ਹੱਥ-ਬਦਲੀ ਅਤੇ ਕੁਰਕੀ ਆਦਿ ਤੇ ਪਾਬੰਦੀ।

18. (1) ਫ਼ੰਡ ਵਿੱਚ ਕਿਸੇ ਵੀ ਮੈਂਬਰ ਦਾ ਹਿੱਤ, ਜਾਂ ਕਿਸੇ ਮੈਂਬਰ ਜਾਂ ਉਸ ਦੇ ਨਾਮਜ਼ਦ ਵਿਅਕਤੀ ਜਾਂ ਕਾਨੂੰਨੀ ਵਾਰਸਾਂ ਦਾ ਫ਼ੰਡ ਤੋਂ ਕੋਈ ਰਕਮ ਪ੍ਰਾਪਤ ਕਰਨ ਦਾ ਅਧਿਕਾਰ, ਸਪੁਰਦ, ਹੱਥ-ਬਦਲੀ ਜਾਂ ਭਾਰਿਤ ਨਹੀਂ ਕੀਤਾ ਜਾਵੇਗਾ ਅਤੇ ਕਿਸੇ ਅਦਾਲਤ ਦੀ ਕਿਸੇ ਡਿਗਰੀ ਜਾਂ ਹੁਕਮ ਦੇ ਅਧੀਨ ਕੁਰਕੀ ਦਾ ਭਾਗੀ ਨਹੀਂ ਹੋਵੇਗਾ।

(2) ਕੋਈ ਲੈਣਦਾਰ ਫ਼ੰਡ ਜਾਂ ਉਸ ਵਿੱਚ ਕਿਸੇ ਮੈਂਬਰ ਜਾਂ ਉਸ ਦੇ ਨਾਮਜ਼ਦ ਵਿਅਕਤੀ ਜਾਂ ਕਾਨੂੰਨੀ ਵਾਰਸਾਂ ਦੇ ਹਿੱਤ ਦੇ ਵਿਰੁੱਧ ਕਾਰਵਾਈ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

ਵਿਆਖਿਆ:- ਇਸ ਧਾਰਾ ਦੇ ਪ੍ਰਯੋਜਨ ਲਈ, "ਲੈਣਦਾਰ" ਵਿੱਚ ਸਰਕਾਰ ਜਾਂ ਪ੍ਰਾਂਤਕ ਦਿਵਾਲਾ ਐਕਟ, 1920 ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ ਨਿਯੁਕਤ ਕੀਤਾ ਸਰਕਾਰੀ ਸੌਂਪਦਾਰ ਜਾਂ ਰਿਸੀਵਰ ਸ਼ਾਮਲ ਹੈ।

1920 ਦਾ ਕੇਂਦਰੀ ਐਕਟ 15

ਅਧਿਆਏ VII

ਸਟੈਂਪਾਂ ਦੀ ਛਪਾਈ ਅਤੇ ਵੰਡ

ਟ੍ਰਸਟੀ ਕਮੇਟੀ ਦੁਆਰਾ ਸਟੈਂਪਾਂ ਦੀ ਛਪਾਈ ਅਤੇ ਵੰਡ।

19. (1) ਟ੍ਰਸਟੀ ਕਮੇਟੀ ਅੱਠ ਰੁਪਏ ਦੇ ਮੁੱਲ ਦੇ ਅਤੇ ਬਾਰ ਕੌਂਸਲ ਦੇ ਚਿੰਨ੍ਹ ਅਤੇ ਉਸ ਦੇ ਮੁੱਲ ਅੰਤਰਲਿਖਤ ਹੋਈਆਂ ਸਟੈਂਪਾਂ ਨੂੰ ਛਾਪਣਾ ਅਤੇ ਵੰਡਣਾ ਕਾਰਤ ਕਰੇਗੀ।

(2) ਸਟੈਂਪਾਂ ਦਾ ਆਕਾਰ 28 ਮਿ.ਮੀ x39 ਮਿ.ਮੀ. ਹੋਵੇਗਾ ਅਤੇ ਉਹ ਟ੍ਰਸਟੀ ਕਮੇਟੀ ਦੁਆਰਾ ਵੇਚੀਆਂ ਜਾਣਗੀਆਂ।

(3) ਸਟੈਂਪਾਂ ਦੀ ਸੰਭਾਲ ਟ੍ਰਸਟੀ ਕਮੇਟੀ ਕੋਲ ਹੋਵੇਗੀ।

(4) ਟ੍ਰਸਟੀ ਕਮੇਟੀ ਬਾਰ ਐਸੋਸੀਏਸ਼ਨਾਂ ਅਤੇ ਲਸੰਸ-ਪ੍ਰਾਪਤ ਸਟੈਂਪ ਵਿਕਰੀਕਾਰਾਂ ਰਾਹੀਂ ਸਟੈਂਪਾਂ ਦੀ ਵੰਡ ਅਤੇ ਵਿਕਰੀ ਨੂੰ ਅਜਿਹੇ ਤਰੀਕੇ ਅਤੇ ਜ਼ਾਬਤੇ ਨਾਲ ਕੰਟਰੋਲ ਕਰੇਗੀ, ਜੋ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇ।

(5) ਟ੍ਰਸਟੀ ਕਮੇਟੀ ਸਟੈਂਪਾਂ ਦੇ ਉਚਿਤ ਲੇਖੇ ਅਜਿਹੇ ਰੂਪ ਵਿੱਚ ਅਤੇ ਅਜਿਹੇ ਤਰੀਕੇ ਨਾਲ ਰੱਖੇਗੀ, ਜੋ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇ।

(6) ਬਾਰ ਐਸੋਸੀਏਸ਼ਨਾਂ ਅਤੇ ਲਸੰਸ-ਪ੍ਰਾਪਤ ਸਟੈਂਪ ਵਿਕਰੀਕਾਰ, ਟ੍ਰਸਟੀ ਕਮੇਟੀ ਤੋਂ ਸਟੈਂਪਾਂ ਦਾ ਮੁੱਲ ਅਦਾ ਕਰਨ ਪਿੱਛੋਂ, ਅਜਿਹੇ ਮੁੱਲ ਵਿੱਚੋਂ ਦਸ ਪ੍ਰਤੀਸ਼ਤ ਅਨੁਸੰਗਕ ਖ਼ਰਚਿਆਂ ਲਈ ਘਟਾ ਕੇ, ਸਟੈਂਪਾਂ ਖਰੀਦ ਸਕਣਗੇ।

ਸਟੈਂਪਾਂ ਚਿਪਕਾਉਣਾ।

20. (1) ਕਿਸੇ ਐਡਵੋਕੇਟ ਜਾਂ ਮੈਂਬਰ ਦੁਆਰਾ ਦਾਇਰ ਕੀਤੇ ਗਏ ਹਰੇਕ ਵਕਾਲਤਨਾਮੇ 'ਤੇ, ਲੋੜੀਂਦੀ ਕੋਰਟ ਫ਼ੀਸ ਸਟੈਂਪ ਤੋਂ ਇਲਾਵਾ, ਉੱਚ ਅਦਾਲਤ ਜਾਂ ਟ੍ਰਿਬਿਊਨਲ, ਪੰਜਾਬ ਮਾਲੀਆ ਬੋਰਡ ਜਾਂ ਕਿਸੇ ਹੋਰ ਅਰਧ-ਨਿਆਂਇਕ ਅਥਾਰਟੀ ਵਿੱਚ ਦਾਇਰ ਕੀਤੇ ਗਏ ਵਕਾਲਤਨਾਮੇ ਦੇ ਮਾਮਲੇ ਵਿੱਚ ਪੰਦਰਾਂ ਰੁਪਏ ਦੇ ਮੁੱਲ ਦਾ ਇੱਕ ਸਟੈਂਪ ਚਿਪਕਾਇਆ ਜਾਵੇਗਾ ਅਤੇ ਕੋਈ ਵਕਾਲਤਨਾਮਾ ਕਿਸੇ ਅਦਾਲਤ ਅੱਗੇ ਉਦੋਂ ਤੱਕ ਦਾਇਰ ਨਹੀਂ ਕੀਤਾ ਜਾਵੇਗਾ ਜਾਂ ਪ੍ਰਾਪਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਸ ਤੇ ਅਜਿਹੀ ਸਟੈਂਪ ਨ ਲੱਗੀ ਹੋਵੇ:

ਪ੍ਰੰਤੂ ਇਸ ਉਪ-ਧਾਰਾ ਦਾ ਉਪਬੰਧ ਕੇਂਦਰੀ ਜਾਂ ਰਾਜ ਸਰਕਾਰ ਦੁਆਰਾ ਜਾਂ ਉਨ੍ਹਾਂ ਦੇ ਨਮਿੱਤ ਦਾਇਰ ਕੀਤੇ ਗਏ ਕਿਸੇ ਵਕਾਲਤਨਾਮੇ ਤੇ ਲਾਗੂ ਨਹੀਂ ਹੋਵੇਗਾ।

(1-ਓ) ਹਾਲਾਂਕਿ ਹਰੇਕ 'ਵਕਾਲਤਨਾਮੇ' 'ਤੇ ਅਜਿਹੇ ਲੱਗੇ ਹੋਏ ਸਟੈਂਪ ਦੇ ਮੁੱਲ ਵਿੱਚੋਂ ਇੱਕ ਰੁਪਿਆ "ਪੰਜਾਬ ਰਾਜ ਕੈਂਸਰ ਅਤੇ ਭੇਖਜ ਨਸ਼ਾ ਇਲਾਜ ਆਧਾਰਕ-ਬਣਤ ਫ਼ੰਡ ਐਕਟ, 2013" ਅਧੀਨ ਬਣਾਏ ਗਏ ਫ਼ੰਡ ਵਿੱਚ ਜਾਵੇਗਾ।

(2) ਸਟੈਂਪ ਦਾ ਮੁੱਲ ਨਾ ਤਾਂ ਕੇਸ ਦਾ ਖ਼ਰਚ ਹੋਵੇਗਾ ਅਤੇ ਨਾ ਹੀ ਕਿਸੇ ਵੀ ਸੂਰਤ ਵਿੱਚ ਮੁਵੱਕਲ ਤੋਂ ਪ੍ਰਾਪਤ ਜਾਂ ਉਗਰਾਹਿਆ ਜਾਵੇਗਾ।

(3) ਫ਼ੰਡ ਦੇ ਕਿਸੇ ਮੈਂਬਰ ਦੁਆਰਾ ਉਪ-ਧਾਰਾ (1) ਜਾਂ ਉਪ-ਧਾਰਾ (2) ਦੇ ਉਪਬੰਧਾਂ ਦੀ ਕੋਈ ਵੀ ਉਲੰਘਣਾ, ਉਸ ਨੂੰ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਫ਼ੰਡ ਦੇ ਫਾਇਦਿਆਂ ਤੋਂ ਬੇਹੱਕ ਕਰੇਗੀ ਅਤੇ ਟ੍ਰਸਟੀ ਕਮੇਟੀ ਅਜਿਹੀਆਂ ਉਦਹਾਰਣਾਂ ਦੀ ਰਿਪੋਟ ਮੁਨਾਸਬ ਕਾਰਵਾਈ ਲਈ ਬਾਰ ਕੌਂਸਲ ਨੂੰ ਕਰੇਗੀ।

ਫ਼ੰਡ ਸਟੈਂਪਾਂ ਦਾ ਮਨਸੂਖ ਹੋਣਾ।

21. ਕਿਸੇ ਅਦਾਲਤ ਵਿੱਚ ਦਾਇਰ ਕੀਤੀ ਗਈ ਧਾਰਾ 20 ਅਧੀਨ ਵਕਾਲਤਨਾਮੇ ਤੇ ਚਿਪਕਾਈ ਗਈ ਹਰੇਕ ਸਟੈਂਪ, ਕੋਰਟ ਫ਼ੀਸ ਐਕਟ, 1870 ਦੀ ਧਾਰਾ 30 ਅਧੀਨ ਉਪਬੰਧਤ ਕੀਤੇ ਗਏ ਤਰੀਕੇ ਨਾਲ ਮਨਸੂਖ ਕਰ ਦਿੱਤੀ ਜਾਵੇਗੀ।

## ਅਧਿਆਏ VIII

## ਫੁਟਕਲ

ਟ੍ਰਸਟੀ ਕਮੇਟੀ ਦੀ ਇਕੱਤਰਤਾ।

22. ਟ੍ਰਸਟੀ ਕਮੇਟੀ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਕੰਮਕਾਰ ਦਾ ਸੰਚਾਲਣ ਕਰਨ ਲਈ ਘੱਟੋ-ਘੱਟ ਤਿੰਨ ਕੈਲੰਡਰ ਮਹੀਨਿਆਂ ਵਿੱਚ ਇੱਕ ਵਾਰ ਜਾਂ ਇੰਨੀ ਵਾਰ ਜਦ ਜ਼ਰੂਰੀ ਪਾਇਆ ਜਾਵੇ, ਇਕੱਤਰਤਾ ਕਰੇਗੀ।

ਇਕੱਤਰਤਾ ਕਰਨ ਦਾ ਤਰੀਕਾ।

23. (1) ਟ੍ਰਸਟੀ ਕਮੇਟੀ ਦੇ ਇੱਕ ਤਿਹਾਈ ਮੈਂਬਰ ਟ੍ਰਸਟੀ ਕਮੇਟੀ ਦੀ ਇਕੱਤਰਤਾ ਦਾ ਕੋਰਮ ਬਣਾਉਣਗੇ।

(2) ਚੇਅਰਮੈਨ ਜਾਂ ਉਸ ਦੀ ਗੈਰ-ਹਾਜ਼ਰੀ ਵਿੱਚ, ਹਾਜ਼ਰ ਟ੍ਰਸਟੀ ਕਮੇਟੀ ਦੇ ਮੈਂਬਰਾਂ ਦੁਆਰਾ ਚੁਣਿਆ ਗਿਆ ਇੱਕ ਮੈਂਬਰ, ਟ੍ਰਸਟੀ ਕਮੇਟੀ ਦੀ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(3) ਟ੍ਰਸਟੀ ਕਮੇਟੀ ਦੀਆਂ ਇਕੱਤਰਤਾਵਾਂ ਸਾਧਾਰਨ ਤੌਰ ਤੇ ਬਾਰ ਕੌਂਸਲ ਦੇ ਦਫ਼ਤਰ ਵਿਖੇ ਹੋਣਗੀਆਂ।

(4) ਟ੍ਰਸਟੀ ਕਮੇਟੀ ਦੀ ਇਕੱਤਰਤਾ ਅੱਗੇ ਆਉਣ ਵਾਲਾ ਕੋਈ ਮਾਮਲਾ, ਇਕੱਤਰਤਾ ਵਿੱਚ ਹਾਜ਼ਰ ਅਤੇ ਵੋਟ ਪਾਉਣ ਵਾਲੇ ਮੈਂਬਰਾਂ ਦੇ ਬਹੁਮਤ ਦੁਆਰਾ ਤੈਅ ਕੀਤਾ ਜਾਵੇਗਾ ਅਤੇ ਵੋਟਾਂ ਬਰਾਬਰ ਹੋਣ ਦੀ ਸੂਰਤ ਵਿੱਚ, ਚੇਅਰਮੈਨ ਜਾਂ ਇਕੱਤਰਤਾ ਦੀ ਪ੍ਰਧਾਨਗੀ ਕਰਨ ਵਾਲੇ ਮੈਂਬਰ ਕੋਲ ਨਿਰਣਾਇਕ ਵੋਟ ਹੋਵੇਗੀ।

(5) ਟ੍ਰਸਟੀ ਕਮੇਟੀ ਦੇ ਸਕੱਤਰ ਨੂੰ ਇਕੱਤਰਤਾ ਵਿੱਚ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।

ਦੀਵਾਨੀ ਅਦਾਲਤਾਂ ਦੀ ਅਧਿਕਾਰਤਾ ਤੇ ਰੋਕ।

24. ਕਿਸੇ ਦੀਵਾਨੀ ਅਦਾਲਤ ਨੂੰ ਕੋਈ ਪ੍ਰਸ਼ਨ ਨਿਪਟਾਉਣ, ਫ਼ੈਸਲਾ ਕਰਨ ਜਾਂ ਨਜਿੱਠਣ ਜਾਂ ਕਿਸੇ ਮਾਮਲੇ ਨੂੰ ਤੈਅ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ, ਜੋ ਇਸ ਐਕਟ ਦੁਆਰਾ ਜਾਂ ਇਸ ਦੇ ਅਧੀਨ ਟ੍ਰਸਟੀ ਕਮੇਟੀ ਜਾਂ ਬਾਰ ਕੌਂਸਲ ਦੁਆਰਾ ਨਿਪਟਾਏ ਜਾਣ, ਫ਼ੈਸਲਾ ਕਰਨ ਜਾਂ ਛੋਟ ਦੇਣ ਜਾਂ ਤੈਅ ਕੀਤੇ ਜਾਣ ਦੀ ਲੋੜ ਹੈ।

ਗਵਾਹਾਂ ਨੂੰ ਤਲਬ ਕਰਨ ਅਤੇ ਸ਼ਹਾਦਤ ਲੈਣ ਦੀ ਸ਼ਕਤੀ।

25. ਇਸ ਐਕਟ ਅਧੀਨ ਕਿਸੇ ਜਾਂਚ ਦੇ ਪ੍ਰਯੋਜਨ ਲਈ, ਟ੍ਰਸਟੀ ਕਮੇਟੀ ਅਤੇ ਬਾਰ ਕੌਂਸਲ ਕੋਲ ਉਹੀ ਸ਼ਕਤੀਆਂ ਹੋਣਗੀਆਂ ਜੋ ਦੀਵਾਨੀ ਜ਼ਾਬਤਾ ਸੰਘਤਾ, 1908 ਦੇ ਅਧੀਨ ਹੇਠ-ਲਿਖੇ ਮਾਮਲਿਆਂ ਦੇ ਬਾਰੇ ਵਿੱਚ ਦਾਵੇ ਦੀ ਸੁਣਵਾਈ ਕਰਦੇ ਸਮੇਂ ਦੀਵਾਨੀ ਅਦਾਲਤ ਵਿੱਚ ਨਿਹਿਤ ਹਨ, ਅਰਥਾਤ:-

1908 ਦਾ ਕੇਂਦਰੀ ਐਕਟ 5 ।

(ੳ) ਕਿਸੇ ਵਿਅਕਤੀ ਦੀ ਹਾਜ਼ਰੀ ਲਾਜ਼ਮੀ ਬਣਾਉਣਾ ਜਾਂ ਉਸ ਦੀ ਸਹੁੰ ਤੇ ਪਰਖ ਕਰਨਾ;

(ਅ) ਦਸਤਾਵੇਜ਼ ਪ੍ਰਗਟ ਕਰਨ ਅਤੇ ਪੇਸ਼ ਕਰਨ ਦੀ ਮੰਗ ਕਰਨਾ ਲੋੜਨਾ;

(ਏ) ਹਲਫੀਆ ਬਿਆਨ ਦੁਆਰਾ ਸਹੁੰ ਤੇ ਸ਼ਹਾਦਤ ਪ੍ਰਾਪਤ ਕਰਨਾ; ਅਤੇ

(ਸ) ਗਵਾਹਾਂ ਦੀ ਪ੍ਰੀਖਿਆ ਲਈ ਕਮਿਸ਼ਨ ਜਾਰੀ ਕਰਨਾ।

ਟ੍ਰਸਟੀ ਕਮੇਟੀ ਦੇ ਫ਼ੈਸਲੇ ਵਿਰੁੱਧ ਅਪੀਲ।

26. (1) ਟ੍ਰਸਟੀ ਕਮੇਟੀ ਦੇ ਕਿਸੇ ਫ਼ੈਸਲੇ ਜਾਂ ਹੁਕਮ ਵਿਰੁੱਧ ਅਪੀਲ ਬਾਰ ਕੌਂਸਲ ਕੋਲ ਕੀਤੀ ਜਾ ਸਕੇਗੀ। ਅਪੀਲ ਮੁਕੱਰਰ ਫਾਰਮ ਵਿੱਚ ਹੋਵੇਗੀ ਅਤੇ ਇਸ ਦੇ ਨਾਲ ਉਸ ਫ਼ੈਸਲੇ ਦੀ ਨਕਲ ਵੀ ਹੋਵੇਗੀ ਜਿਸ ਦੇ ਵਿਰੁੱਧ ਅਪੀਲ ਕੀਤੀ ਗਈ ਹੈ। ਅਪੀਲ, ਜਿਸ ਹੁਕਮ ਵਿਰੁੱਧ ਅਪੀਲ ਕੀਤੀ ਜਾਣੀ ਹੈ, ਉਸ ਹੁਕਮ ਦੀ ਪ੍ਰਾਪਤੀ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਦਾਇਰ ਕੀਤੀ ਜਾਵੇਗੀ।

(2) ਉਪ-ਧਾਰਾ (1) ਅਧੀਨ ਦਾਇਰ ਕੀਤੀ ਗਈ ਕੋਈ ਅਪੀਲ, ਅਜਿਹੇ ਤਰੀਕੇ ਅਤੇ ਜ਼ਾਬਤੇ ਨਾਲ ਸੁਣੀ ਅਤੇ ਨਿਪਟਾਈ ਜਾਵੇਗੀ ਜਿਵੇਂ ਮੁਕੱਰਰ ਕੀਤਾ ਜਾਵੇ।

(3) ਅਪੀਲ ਤੇ ਬਾਰ ਕੌਂਸਲ ਦਾ ਫ਼ੈਸਲਾ ਅੰਤਮ ਹੋਵੇਗਾ।

ਅਨੁਸੂਚੀ ਸੋਧਣ ਦੀ ਸ਼ਕਤੀ।

27. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਟ੍ਰਸਟੀ ਕਮੇਟੀ ਦੀ ਸਿਫ਼ਾਰਸ਼ 'ਤੇ ਅਤੇ ਫ਼ੰਡ ਵਿੱਚ ਰਕਮ ਦੀ ਉਪਲੱਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਨੁਸੂਚੀ ਵਿੱਚ ਉਲਿਖਤ ਕੀਤੀਆਂ ਦਰਾਂ ਸੋਧ ਸਕੇਗੀ।

(2) ਸਿਫ਼ਾਰਸ਼ ਕਰਨ ਤੋਂ ਪਹਿਲਾਂ, ਟ੍ਰਸਟੀ ਕਮੇਟੀ ਬਾਰ ਕੌਂਸਲ ਨਾਲ ਮਸ਼ਵਰਾ ਕਰੇਗੀ।

(3) ਇਸ ਧਾਰਾ ਅਧੀਨ ਜਾਰੀ ਕੀਤੀ ਗਈ ਹਰੇਕ ਅਧਿਸੂਚਨਾ, ਇਸ ਦੇ ਜਾਰੀ ਕੀਤੇ ਜਾਣ ਤੋਂ ਪਿੱਛੋਂ ਜਿੰਨੀ ਛੇਤੀ ਸੰਭਵ ਹੋ ਸਕੇ, ਵਿਧਾਨ ਸਭਾ ਦੇ ਮੇਜ਼ ਤੇ ਰੱਖੀ ਜਾਵੇਗੀ ਅਤੇ ਜੇ ਉਸ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ ਜਿਸ ਵਿੱਚ ਇਸ ਨੂੰ ਰੱਖਿਆ ਗਿਆ ਹੈ ਜਾਂ ਅਗਲੇ ਇਜਲਾਸ ਵਿੱਚ, ਸਭਾ ਅਜਿਹੀ ਕਿਸੇ ਅਧਿਸੂਚਨਾ ਵਿੱਚ ਕੋਈ ਰੂਪਭੇਦ ਕਰਦੀ ਹੈ ਜਾਂ ਸਭਾ ਫ਼ੈਸਲਾ ਕਰਦੀ ਹੈ ਕਿ ਅਧਿਸੂਚਨਾ ਜਾਰੀ ਨਹੀਂ ਕੀਤੀ ਜਾਣੀ ਚਾਹੀਦੀ, ਤਾਂ ਅਧਿਸੂਚਨਾ ਕੇਵਲ ਉਸ

ਰੂਪਭੇਦ ਕੀਤੇ ਹੋਏ ਰੂਪ ਵਿੱਚ ਹੀ ਪ੍ਰਭਾਵੀ ਹੋਵੇਗੀ ਜਾਂ ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗੀ; ਐਪਰ, ਕੋਈ ਵੀ ਅਜਿਹਾ ਰੂਪਭੇਦ ਜਾਂ ਬਾਤਲਕਰਣ, ਉਸ ਅਧਿਸੂਚਨਾ ਅਧੀਨ ਪਹਿਲਾਂ ਕੀਤੀ ਗਈ ਕਿਸੇ ਵੀ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਾਵੇਗਾ।

ਨਿਯਮ ਬਣਾਉਣ ਦੀ ਸ਼ਕਤੀ।

28. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕਦੀ ਹੈ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਛੱਡ ਦਿੱਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

29. ਟ੍ਰਸਟੀ ਕਮੇਟੀ ਬਾਰ ਕੌਂਸਲ ਦੀ ਪ੍ਰਵਾਨਗੀ ਨਾਲ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਵਿਨਿਯਮ ਬਣਾ ਸਕੇਗੀ।

ਨਿਰਸਨ ਅਤੇ ਬਚਾਉ।

30. (1) ਪੰਜਾਬ ਐਡਵੋਕੇਟ ਭਲਾਈ ਫ਼ੰਡ ਆਰਡੀਨੈਂਸ, 2001 (2001 ਦਾ ਪੰਜਾਬ ਆਰਡੀਨੈਂਸ ਨੰ: 6) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਤੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਕੀਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ, ਇਸ ਐਕਟ ਅਧੀਨ ਹੋਈ ਜਾਂ ਕੀਤੀ ਗਈ ਸਮਝੀ ਜਾਵੇਗੀ।

ਅਨੁਸੂਚੀ

(ਧਾਰਾ 17 ਦੇਖੋ)

| | | |
|---|---|---|
| 1. | 5 ਸਾਲ ਤੱਕ ਦਾ ਤਜਰਬਾ | 1 ਲੱਖ |
| 2. | 6 ਸਾਲ ਦਾ ਤਜਰਬਾ | 1,10,000 |
| 3. | 7 ਸਾਲ ਦਾ ਤਜਰਬਾ | 1,20,000 |
| 4. | 8 ਸਾਲ ਦਾ ਤਜਰਬਾ | 1,30,000 |
| 5. | 9 ਸਾਲ ਦਾ ਤਜਰਬਾ | 1,40,000 |
| 6. | 10 ਸਾਲ ਦਾ ਤਜਰਬਾ | 1,50,000 |
| 7. | 11 ਸਾਲ ਦਾ ਤਜਰਬਾ | 1,60,000 |
| 8. | 12 ਸਾਲ ਦਾ ਤਜਰਬਾ | 1,70,000 |
| 9. | 13 ਸਾਲ ਦਾ ਤਜਰਬਾ | 1,80,000 |
| 10. | 14 ਸਾਲ ਦਾ ਤਜਰਬਾ | 1,90,000 |
| 11. | 15 ਸਾਲ ਦਾ ਤਜਰਬਾ | 2,00,000 |
| 12. | 16 ਸਾਲ ਦਾ ਤਜਰਬਾ | 2,10,000 |
| 13. | 17 ਸਾਲ ਦਾ ਤਜਰਬਾ | 2,20,000 |
| 14. | 18 ਸਾਲ ਦਾ ਤਜਰਬਾ | 2,30,000 |
| 15. | 19 ਸਾਲ ਦਾ ਤਜਰਬਾ | 2,40,000 |
| 16. | 20 ਸਾਲ ਦਾ ਤਜਰਬਾ | 2,50,000 |
| 17. | 21 ਸਾਲ ਦਾ ਤਜਰਬਾ | 2,60,000 |
| 18. | 22 ਸਾਲ ਦਾ ਤਜਰਬਾ | 2,70,000 |
| 19. | 23 ਸਾਲ ਦਾ ਤਜਰਬਾ | 2,80,000 |
| 20. | 24 ਸਾਲ ਦਾ ਤਜਰਬਾ | 2,90,000 |
| 21. | 25 ਸਾਲ ਦਾ ਤਜਰਬਾ | 3,00,000 |
| 22. | 26 ਸਾਲ ਦਾ ਤਜਰਬਾ | 3,10,000 |
| 23. | 27 ਸਾਲ ਦਾ ਤਜਰਬਾ | 3,20,000 |
| 24. | 28 ਸਾਲ ਦਾ ਤਜਰਬਾ | 3,30,000 |
| 25. | 29 ਸਾਲ ਦਾ ਤਜਰਬਾ | 3,40,000 |
| 26. | 30 ਸਾਲ ਦਾ ਤਜਰਬਾ | 3,50,000 |
| 27. | 31 ਸਾਲ ਦਾ ਤਜਰਬਾ | 3,60,000 |
| 28. | 32 ਸਾਲ ਦਾ ਤਜਰਬਾ | 3,70,000 |
| 29. | 33 ਸਾਲ ਦਾ ਤਜਰਬਾ | 3,80,000 |
| 30. | 34 ਸਾਲ ਦਾ ਤਜਰਬਾ | 3,90,000 |

| | | |
|---|---|---|
| 31. | 35 ਸਾਲ ਦਾ ਤਜਰਬਾ | 4,00,000 |
| 32. | 36 ਸਾਲ ਦਾ ਤਜਰਬਾ | 4,10,000 |
| 33. | 37 ਸਾਲ ਦਾ ਤਜਰਬਾ | 4,20,000 |
| 34. | 38 ਸਾਲ ਦਾ ਤਜਰਬਾ | 4,30,000 |
| 45. | 39 ਸਾਲ ਦਾ ਤਜਰਬਾ | 4,40,000 |
| 46. | 40 ਸਾਲ ਅਤੇ ਉਸ ਤੋਂ ਵੱਧ ਦਾ ਤਜਰਬਾ | 4,50,000 |

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3768/7-2026/Pb. Govt. Press, S.A.S. Nagar*